2-FEB-PAGE-1.qxd 2/2/2024 12:13 AM Page 1

ਸ਼ੁੱਕਰਵਾਰ, 2 ਫਰਵਰੀ, 2024
20 ਮਾਘ { ਨਾਨਕਸ਼ਾਹੀ 555
ਬਿਕਰਮੀ 2080
ਜਿਲਦ/VOL. : 72
ਅੰਕ/NO. : 243

# ਨਵਾਂ ਜ਼ਮਾਨਾ

DAILY NAWAN ZAMANA • FRIDAY, 2 FEBRUARY, 2024

ਜਲੰਧਰ

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 20

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

# ਰਾਜਪਾਲ ਨੇ ਝਾਰਖੰਡ 'ਚ ਸਰਕਾਰ ਦਾ ਗਠਨ ਅੱਜ ਤੱਕ ਲਈ ਟਾਲਿਆ

**ਰਾਂਚੀ :** ਝਾਰਖੰਡ ਮੁਕਤੀ ਮੋਰਚਾ ਦੇ ਵਿਧਾਇਕ ਦਲ ਦੇ ਨਵੇਂ ਨੇਤਾ ਚੰਪਈ ਸੋਰੇਨ ਨੇ ਵੀਰਵਾਰ ਸ਼ਾਮ ਰਾਜਪਾਲ ਸੀ ਪੀ ਰਾਧਾਕ੍ਰਿਸ਼ਨਨ ਨੂੰ ਮਿਲ ਕੇ ਨਵੀਂ ਸਰਕਾਰ ਬਣਾਉਣ ਦੀ ਪ੍ਰਕਿਰਿਆ ਸ਼ੁਰੂ ਕਰਨ ਦੀ ਮੰਗ ਕੀਤੀ। ਉਨ੍ਹਾ ਰਾਜਪਾਲ ਨੂੰ ਦੱਸਿਆ ਕਿ ਬਿਨਾਂ ਮੁੱਖ ਮੰਤਰੀ ਤੋਂ ਸੂਬੇ ਵਿਚ ਭੰਬਲਭੂਸੇ ਵਾਲੀ ਹਾਲਤ ਹੈ। ਰਾਜਪਾਲ ਨੇ ਕਿਹਾ ਕਿ ਉਹ ਆਪਣਾ ਫੈਸਲਾ ਸ਼ੁੱਕਰਵਾਰ ਦੱਸਣਗੇ।

ਚੰਪਈ ਸੋਰੇਨ ਦੇ ਨਾਲ ਦੂਜੀਆਂ ਭਾਈਵਾਲ ਪਾਰਟੀਆਂ ਦੇ ਆਗੂ ਆਲਮਗੀਰ ਆਲਮ, ਬਾਦਲ ਪੱਤਰਲੇਖ, ਪ੍ਰਦੀਪ ਯਾਦਵ ਤੇ ਸੁਪ੍ਰਿਓ ਭੱਟਾਚਾਰੀਆ ਵੀ ਸਨ। ਪ੍ਰਦੀਪ ਯਾਦਵ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਰਾਜਪਾਲ ਨੇ ਸਰਕਾਰ ਗਠਨ ਦਾ ਸਮਾਂ ਨਹੀਂ ਦਿੱਤਾ। ਈ ਡੀ ਵੱਲੋਂ ਗ੍ਰਿਫਤਾਰ ਕਰਨ ਤੋਂ ਬਾਅਦ ਹੇਮੰਤ ਸੋਰੇਨ ਵੱਲੋਂ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇਣ 'ਤੇ ਬੁੱਧਵਾਰ ਚੰਪਈ ਸੋਰੇਨ ਨੂੰ ਨਵਾਂ ਨੇਤਾ ਚੁਣਿਆ ਗਿਆ ਸੀ।

ਰਾਜਪਾਲ ਵੱਲੋਂ ਸੱਦੇ ਜਾਣ ਤੋਂ ਪਹਿਲਾਂ ਚੰਪਈ ਸੋਰੇਨ ਨੇ ਦਿਨੇ ਕਿਹਾ ਸੀ ਕਿ ਉਨ੍ਹਾ ਦੀ ਪਾਰਟੀ ਨੇ 47 ਵਿਧਾਇਕਾਂ ਦੀ ਹਮਾਇਤ ਦਾ ਦਸਤਾਵੇਜ਼ ਸੌਂਪਿਆ ਸੀ ਪਰ ਰਾਜਪਾਲ ਦਾ ਸੱਦਾ ਉਡੀਕ ਰਹੇ ਹਾਂ। ਇਸੇ ਦੌਰਾਨ ਭਾਜਪਾ ਦੀ ਕਿਸੇ ਚਾਲ ਨੂੰ ਨਾਕਾਮ ਬਣਾਉਣ ਲਈ ਝਾਰਖੰਡ ਮੁਕਤੀ ਮੋਰਚਾ ਦੀ ਅਗਵਾਈ ਵਾਲੇ ਗੱਠਜੋੜ ਨੇ ਆਪਣੇ ਵਿਧਾਇਕਾਂ ਨੂੰ ਜਹਾਜ਼ ਰਾਹੀਂ ਹੈਦਰਾਬਾਦ ਭੇਜਣ ਦਾ ਪ੍ਰੋਗਰਾਮ ਬਣਾਇਆ ਹੋਇਆ ਸੀ। ਰਾਜਪਾਲ ਦੇ ਦਫਤਰ ਨੇ ਸ਼ਾਮੀਂ ਦੱਸਿਆ ਕਿ ਕਾਨੂੰਨੀ ਸਲਾਹ-ਮਸ਼ਵਰਾ ਕੀਤਾ ਜਾ ਰਿਹਾ ਹੈ। ਰਾਜਪਾਲ ਛੇਤੀ ਹੀ ਢੁਕਵਾਂ ਫੈਸਲਾ ਕਰਨਗੇ। ਮੁੱਖ ਮੰਤਰੀ ਦੇ ਅਸਤੀਫੇ ਤੋਂ ਬਾਅਦ ਸੂਬੇ ਵਿਚ ਸੰਵਿਧਾਨਕ ਸੰਕਟ ਵਰਗੀ ਕੋਈ ਸਥਿਤੀ ਨਹੀਂ ਹੈ। ਸਮੁੱਚਾ ਪ੍ਰਸ਼ਾਸਨ ਰਾਜਪਾਲ ਦੇ ਨਾਂਅ 'ਤੇ ਚਲਦਾ ਹੈ।

## ਸੋਰੇਨ ਦੀ ਪਟੀਸ਼ਨ 'ਤੇ ਸੁਣਵਾਈ ਅੱਜ

**ਨਵੀਂ ਦਿੱਲੀ :** ਝਾਰਖੰਡ ਮੁਕਤੀ ਮੋਰਚਾ ਦੇ ਨੇਤਾ ਹੇਮੰਤ ਸੋਰੇਨ ਨੇ ਮਨੀ ਲਾਂਡਰਿੰਗ ਮਾਮਲੇ 'ਚ ਈ ਡੀ ਵੱਲੋਂ ਆਪਣੀ ਗ੍ਰਿਫਤਾਰੀ ਨੂੰ ਵੀਰਵਾਰ ਸੁਪਰੀਮ ਕੋਰਟ 'ਚ ਚੁਣੌਤੀ ਦਿੱਤੀ, ਜਿਸ 'ਤੇ ਸ਼ੁੱਕਰਵਾਰ ਸੁਣਵਾਈ ਹੋਵੇਗੀ। ਈ ਡੀ ਨੇ ਰਾਂਚੀ ਦੀ ਅਦਾਲਤ ਤੋਂ 10 ਦਿਨ ਦਾ ਰਿਮਾਂਡ ਮੰਗਿਆ ਸੀ ਪਰ ਉਸ ਨੇ ਸੋਰੇਨ ਨੂੰ ਇਕ ਦਿਨ ਲਈ ਜੁਡੀਸ਼ਲ ਰਿਮਾਂਡ 'ਤੇ ਭੇਜ ਦਿੱਤਾ। ਅਦਾਲਤ ਸ਼ੁੱਕਰਵਾਰ ਫਿਰ ਸੁਣਵਾਈ ਕਰੇਗੀ।

# ਸੀ ਪੀ ਆਈ ਵੱਲੋਂ ਧਾਰਾ 295 ਤੇ 295-ਏ ਰੱਦ ਕਰਨ ਦੀ ਮੰਗ

**ਚੰਡੀਗੜ੍ਹ :** ਪੰਜਾਬ ਸੀ ਪੀ ਆਈ ਦੇ ਸਕੱਤਰ ਬੰਤ ਸਿੰਘ ਬਰਾੜ ਨੇ ਮੰਗ ਕੀਤੀ ਹੈ ਕਿ ਸੰਵਿਧਾਨ ਦੀ ਧਾਰਾ 295 ਅਤੇ 295-ਏ ਨੂੰ ਰੱਦ ਕੀਤਾ ਜਾਵੇ, ਜਿਸਦੀ ਵਰਤੋਂ ਪ੍ਰਗਟਾਵੇ ਦੀ ਆਜ਼ਾਦੀ ਖਿਲਾਫ, ਲੋਕਾਂ 'ਚੋਂ ਵਹਿਮ-ਭਰਮ ਦੂਰ ਕਰਨ ਦੇ ਖਿਲਾਫ ਅਤੇ ਜਾਗਰਤੀ ਦੀ ਸੂਝ ਦੇਣ ਦੇ ਖਿਲਾਫ ਕੀਤੀ ਜਾ ਰਹੀ ਹੈ ਅਤੇ ਕਾਰਕੁਨਾਂ ਤੇ ਤਰਕਸ਼ੀਲਾਂ ਨੂੰ ਗ੍ਰਿਫਤਾਰ ਕੀਤਾ ਜਾ ਰਿਹਾ ਹੈ, ਜਿਹੜੇ ਸੂਝ ਦਾ ਚਾਨਣ ਫੈਲਾਉਂਦੇ ਹਨ। ਇਸ ਕਾਨੂੰਨ ਦੀ ਫਿਰਕੂ ਸ਼ਕਤੀਆਂ ਦੁਰਵਰਤੋਂ ਕਰਕੇ ਜਮਹੂਰੀਅਤ ਦਾ ਗਲਾ ਘੁੱਟ ਰਹੀਆਂ ਹਨ ਅਤੇ ਸੱਚ ਦੀ ਆਵਾਜ਼ ਨੂੰ ਦਬਾਉਣ ਦੇ ਕੋਝੇ ਜਤਨ ਕਰ ਰਹੀਆਂ ਹਨ, ਜਿਸ ਨੂੰ ਦੇਸ਼ ਦੇ ਜਮਹੂਰੀ ਅਤੇ ਜਾਗਰਤ ਲੋਕ ਕਦੇ ਬਰਦਾਸ਼ਤ ਨਹੀਂ ਕਰਨਗੇ। ਸਾਥੀ ਬਰਾੜ ਨੇ ਪਾਰਟੀ ਇਕਾਈਆਂ ਨੂੰ ਇਸ ਮੁੱਦੇ ਉਤੇ ਆਵਾਜ਼ ਚੁੱਕਣ ਦੀ ਅਪੀਲ ਕੀਤੀ ਹੈ।

# ਭਾਜਪਾ ਸਾਂਸਦ 'ਤੇ ਗੁਰਦੁਆਰੇ 'ਤੇ ਕਬਜ਼ਾ ਕਰਨ ਦਾ ਕੇਸ

**ਗੋਂਡਾ :** ਅਲਾਹਾਬਾਦ ਹਾਈ ਕੋਰਟ ਦੀ ਲਖਨਊ ਬੈਂਚ ਦੇ ਨਿਰਦੇਸ਼ਾਂ 'ਤੇ ਭਾਜਪਾ ਦੇ ਗੋਂਡਾ ਤੋਂ ਸੰਸਦ ਮੈਂਬਰ ਕੀਰਤੀ ਵਰਧਨ ਸਿੰਘ ਅਤੇ ਦੋ ਪੁਲਸ ਇੰਸਪੈਕਟਰਾਂ ਖਿਲਾਫ ਪਿਛਲੇ ਸਾਲ ਸਤੰਬਰ 'ਚ ਇੱਥੇ ਗੁਰਦੁਆਰੇ 'ਤੇ ਕਬਜ਼ਾ ਕਰਨ ਦੇ ਮਾਮਲੇ 'ਚ ਐੱਫ ਆਈ ਆਰ ਦਰਜ ਕੀਤੀ ਗਈ ਹੈ। ਐੱਸ ਪੀ ਵਿਨੀਤ ਜੈਸਵਾਲ ਨੇ ਦੱਸਿਆ ਕਿ ਮਾਣਕਪੁਰ ਥਾਣੇ 'ਚ ਦਰਜ ਇਸ ਕੇਸ 'ਚ 50 ਤੋਂ 60 ਹੋਰਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਇਸ ਘਟਨਾ ਦੇ ਸੰਬੰਧ 'ਚ ਗੁਰਬਚਨ ਕੌਰ ਵੱਲੋਂ ਪਾਈ ਪਟੀਸ਼ਨ 'ਤੇ ਕਾਰਵਾਈ ਕਰਦਿਆਂ ਹਾਈ ਕੋਰਟ ਨੇ ਮੁਲਜ਼ਮਾਂ ਖਿਲਾਫ ਕੇਸ ਦਰਜ ਕਰਨ ਦੇ ਹੁਕਮ ਦਿੱਤੇ ਸਨ। ਪੁਲਸ ਨੇ ਅਦਾਲਤ ਦੇ ਪਹਿਲੇ ਹੁਕਮਾਂ ਦੇ ਬਾਵਜੂਦ ਕੇਸ ਦਰਜ ਨਹੀਂ ਕੀਤਾ ਸੀ। ਕੇਸ ਦਰਜ ਨਾ ਹੋਣ 'ਤੇ ਮਹਿਲਾ ਨੇ ਹਾਈ ਕੋਰਟ ਤੱਕ ਪਹੁੰਚ ਕੀਤੀ ਸੀ।




# ਮਾਈਕਰੋ ਫਾਇਨਾਂਸ ਕੰਪਨੀਆਂ ਦੇ ਜ਼ੁਲਮਾਂ ਖਿਲਾਫ਼ ਵਿਸ਼ਾਲ ਰੈਲੀ



**ਅੰਮ੍ਰਿਤਸਰ (ਨਵਾਂ ਜ਼ਮਾਨਾ ਸਰਵਿਸ)**

ਇੱਥੇ ਜ਼ਿਲ੍ਹਾ ਕਚਹਿਰੀ ਵਿਖੇ ਮਾਈਕਰੋ ਫਾਇਨਾਂਸ ਕੰਪਨੀਆਂ ਵੱਲੋਂ ਗਰੀਬ/ਦਲਿਤ ਪਰਵਾਰਾਂ ਨੂੰ ਮਾਰੂ ਕਰਜ਼ਿਆਂ ਦੇ ਜਾਲ ਵਿੱਚ ਫਸਾਉਣ ਦੇ ਵਿਰੋਧ ਵਿੱਚ ਵਿਸ਼ਾਲ ਰੈਲੀ ਕੀਤੀ ਗਈ। ਰੈਲੀ ਨੂੰ ਸੀ ਪੀ ਆਈ ਪੰਜਾਬ ਦੇ ਸਕੱਤਰ ਬੰਤ ਸਿੰਘ ਬਰਾੜ, ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਅਤੇ ਸਾਬਕਾ ਵਿਧਾਇਕ ਹਰਦੇਵ ਅਰਸ਼ੀ, ਪੰਜਾਬ ਏਟਕ ਦੇ ਡਿਪਟੀ ਜਨਰਲ ਸਕੱਤਰ ਅਮਰਜੀਤ ਸਿੰਘ ਆਸਲ, ਦਸਵਿੰਦਰ ਕੌਰ ਘਰੇਲੂ ਮਜ਼ਦੂਰਾਂ ਦੀ ਫੈਡਰੇਸ਼ਨ ਦੀ ਕੁੱਲ ਹਿੰਦ ਪ੍ਰਧਾਨ, ਵਿਜੇ ਕਪੂਰ ਸਕੱਤਰ ਸੀ ਪੀ ਆਈ ਅੰਮ੍ਰਿਤਸਰ ਸ਼ਹਿਰੀ, ਰਸ਼ਪਾਲ ਕੈਲੇ ਜ਼ਿਲ੍ਹਾ ਸਕੱਤਰ ਸੀ ਪੀ ਆਈ ਜਲੰਧਰ, ਅਸ਼ੋਕ ਕੌਂਸਲ ਜ਼ਿਲ੍ਹਾ ਸਕੱਤਰ ਸੀ ਪੀ ਆਈ ਫਰੀਦਕੋਟ ਆਦਿ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਦੱਸਿਆ ਕਿ ਕਿਵੇਂ ਮਾਈਕਰੋ ਫਾਇਨਾਂਸ ਕੰਪਨੀਆਂ ਗਰੀਬਾਂ ਅਤੇ ਦਲਿਤ ਪਰਵਾਰਾਂ ਨੂੰ ਆਪਣਾ ਨਿਸ਼ਾਨਾ ਬਣਾ ਰਹੀਆਂ

● ਬਾਕੀ ਸਫ਼ਾ 2 'ਤੇ

## ਅਕਾਲੀ ਦਲ ਵੱਲੋਂ ਪੰਜਾਬ ਬਚਾਓ ਯਾਤਰਾ ਸ਼ੁਰੂ

**ਅੰਮ੍ਰਿਤਸਰ :** ਸ਼੍ਰੋਮਣੀ ਅਕਾਲੀ ਦਲ ਨੇ ਵੀਰਵਾਰ ਅੰਮ੍ਰਿਤਸਰ ਜ਼ਿਲ੍ਹੇ ਵਿਚ ਅਟਾਰੀ ਸਰਹੱਦ ਤੋਂ ਪੰਜਾਬ ਬਚਾਓ ਯਾਤਰਾ ਸ਼ੁਰੂ ਕੀਤੀ, ਜਿਸ ਵਾਸਤੇ ਪਹਿਲਾਂ ਅਕਾਲ ਤਖਤ ਵਿਖੇ ਸਮੂਹ ਅਕਾਲੀ ਲੀਡਰਸ਼ਿਪ ਵੱਲੋਂ ਅਰਦਾਸ ਕੀਤੀ ਗਈ। ਅਕਾਲ ਤਖਤ ਦੇ ਸਨਮੁੱਖ ਕੀਤੀ ਅਰਦਾਸ ਵੇਲੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਸੀਨੀਅਰ ਆਗੂ ਬਲਵਿੰਦਰ ਸਿੰਘ ਭੂੰਦੜ, ਪ੍ਰੇਮ ਸਿੰਘ ਚੰਦੂਮਾਜਰਾ, ਡਾ. ਦਲਜੀਤ ਸਿੰਘ ਚੀਮਾ ਸਮੇਤ ਵੱਡੀ ਗਿਣਤੀ 'ਚ ਅਕਾਲੀ ਆਗੂ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਹਾਜ਼ਰ ਸਨ।

## ਸ਼ਿਮਲਾ 'ਚ ਬਰਫਬਾਰੀ

**ਸ਼ਿਮਲਾ :** ਲੰਬੀ ਉਡੀਕ ਤੋਂ ਬਾਅਦ ਵੀਰਵਾਰ ਸਵੇਰੇ ਸ਼ਿਮਲਾ ਵਿਚ ਬਰਫਬਾਰੀ ਹੋਈ। ਬਰਫ ਦਾ ਲੁਤਫ ਲੈਣ ਲਈ ਸੈਲਾਨੀਆਂ ਨੇ ਸ਼ਿਮਲਾ ਵੱਲ ਵਹੀਰਾਂ ਘੱਤ ਲਈਆਂ। ਚੰਡੀਗੜ੍ਹ, ਜ਼ੀਰਕਪੁਰ, ਖਰੜ ਤੇ ਮੁਹਾਲੀ ਸਣੇ ਪੰਜਾਬ 'ਚ ਕਈ ਥਾਈਂ ਮੀਂਹ ਦੇ ਨਾਲ-ਨਾਲ ਭਾਰੀ ਗੜੇਮਾਰੀ ਹੋਈ।

## ਫੈਸਲੇ ਦੇ ਤੁਰੰਤ ਬਾਅਦ ਵਿਆਸ ਤਹਿਖਾਨੇ 'ਚ ਪੂਜਾ

**ਵਾਰਾਨਸੀ :** ਇੱਥੋਂ ਦੀ ਜ਼ਿਲ੍ਹਾ ਅਦਾਲਤ ਵੱਲੋਂ ਗਿਆਨਵਾਪੀ ਕੰਪਲੈਕਸ ਸਥਿਤ ਵਿਆਸ ਜੀ ਤਹਿਖਾਨੇ ਵਿਚ ਹਿੰਦੂਆਂ ਨੂੰ ਪੂਜਾ ਕਰਨ ਦਾ ਅਧਿਕਾਰ ਦਿੱਤੇ ਜਾਣ ਦੇ ਕੁਝ ਘੰਟਿਆਂ ਬਾਅਦ ਬੁੱਧਵਾਰ ਦੇਰ ਰਾਤ ਤਹਿਖਾਨੇ ਨੂੰ ਖੋਲ੍ਹ ਕੇ ਸਾਫ ਕਰ ਦਿੱਤਾ ਗਿਆ ਅਤੇ ਫਿਰ ਉੱਥੇ ਪੂਜਾ ਕੀਤੀ ਗਈ।

# ਚੰਡੀਗੜ੍ਹ ਮੇਅਰ ਚੋਣ ਧਾਂਦਲੀ ਖਿਲਾਫ 'ਆਪ' ਦਾ ਅੱਜ ਭਾਜਪਾ ਹੈੱਡਕੁਆਰਟਰ 'ਤੇ ਪ੍ਰਦਰਸ਼ਨ

**ਕੇਜਰੀਵਾਲ ਤੇ ਮਾਨ ਕਰਨਗੇ ਅਗਵਾਈ**

**ਚੰਡੀਗੜ੍ਹ (ਗੁਰਜੀਤ ਬਿੱਲਾ)**

ਆਮ ਆਦਮੀ ਪਾਰਟੀ ਚੰਡੀਗੜ੍ਹ ਮੇਅਰ ਚੋਣ ਵਿੱਚ ਧਾਂਦਲੀ ਨੂੰ ਲੈ ਕੇ ਅੱਜ ਭਾਰਤੀ ਜਨਤਾ ਪਾਰਟੀ ਦੇ ਖਿਲਾਫ ਦਿੱਲੀ ਸਥਿਤ ਹੈੱਡਕੁਆਰਟਰ 'ਤੇ ਪ੍ਰਦਰਸ਼ਨ ਕਰੇਗੀ। 'ਆਪ' ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਪ੍ਰਦਰਸ਼ਨ ਦੀ ਅਗਵਾਈ ਕਰਨਗੇ।

'ਆਪ' ਦੇ ਸੀਨੀਅਰ ਆਗੂ ਅਤੇ ਰਾਜ ਸਭਾ ਮੈਂਬਰ ਡਾਕਟਰ ਸੰਦੀਪ ਪਾਠਕ ਨੇ ਆਪਣੇ ਅਧਿਕਾਰਤ ਐਕਸ ਅਕਾਊਂਟ 'ਤੇ ਇੱਕ ਵੀਡੀਓ ਸੰਦੇਸ਼ ਸਾਂਝਾ ਕੀਤਾ ਹੈ। ਡਾ. ਪਾਠਕ ਨੇ ਕਿਹਾ ਕਿ ਚੰਡੀਗੜ੍ਹ ਮੇਅਰ ਦੀ ਚੋਣ ਵਿਚ ਇੰਡੀਆ ਗਠਜੋੜ ਨੂੰ ਸਪੱਸ਼ਟ ਬਹੁਮਤ ਮਿਲਣਾ ਸੀ। ਇਸ ਲਈ ਪਹਿਲਾਂ ਭਾਜਪਾ ਨੇ ਹਾਰਸ ਟਰੇਡਿੰਗ ਦੀ ਕੋਸ਼ਿਸ਼ ਕੀਤੀ ਪਰ ਜਦੋਂ ਉਹ ਨਾਕਾਮ ਰਹੇ ਤਾਂ ਉਨ੍ਹਾਂ ਨੇ ਸਾਜ਼ਿਸ਼ ਤਹਿਤ ਚੋਣਾਂ ਮੁਲਤਵੀ ਕਰ ਦਿੱਤੀਆਂ।

ਹਾਈ ਕੋਰਟ ਦੇ ਹੁਕਮਾਂ ਤੋਂ ਬਾਅਦ 30 ਜਨਵਰੀ ਨੂੰ ਚੋਣ ਕਰਵਾਈ ਗਈ ਸੀ। 'ਆਪ' ਅਤੇ ਕਾਂਗਰਸ ਦੀਆਂ 20 ਅਤੇ ਭਾਜਪਾ ਦੀਆਂ 16 ਵੋਟਾਂ ਸਨ, ਪਰ ਭਾਜਪਾ ਦੇ ਪ੍ਰੀਜ਼ਾਈਡਿੰਗ ਅਫਸਰ ਨੇ ਧੋਖੇ ਨਾਲ ਸਾਡੀਆਂ 8 ਵੋਟਾਂ ਨੂੰ ਰੱਦ ਕਰ ਦਿੱਤਾ ਅਤੇ ਭਾਜਪਾ ਉਮੀਦਵਾਰ ਨੂੰ ਨਵਾਂ ਮੇਅਰ ਐਲਾਨ ਦਿੱਤਾ।

# ਅੰਤਰਮ ਬਜਟ 'ਚ ਤਨਖਾਹਦਾਰਾਂ ਤੇ ਕਿਸਾਨਾਂ ਨੂੰ ਕੁਝ ਨਹੀਂ ਮਿਲਿਆ

**ਨਵੀਂ ਦਿੱਲੀ :** ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਲੋਕ ਲੁਭਾਊ ਐਲਾਨ ਤੋਂ ਬਚਦੇ ਹੋਏ ਸੁਧਾਰਾਂ ਨੂੰ ਅੱਗੇ ਵਧਾਉਂਦੇ ਹੋਏ ਵੀਰਵਾਰ ਅਗਲੇ ਵਿੱਤੀ ਸਾਲ ਲਈ ਅੰਤ੍ਰਿਮ ਬੱਜਟ ਪੇਸ਼ ਕੀਤਾ। ਉਨ੍ਹਾ ਨੇ 2024-25 ਲਈ 47.66 ਲੱਖ ਕਰੋੜ ਰੁਪਏ ਦੇ ਕੁੱਲ ਖਰਚੇ ਵਾਲਾ ਅੰਤ੍ਰਿਮ ਬੱਜਟ ਪੇਸ਼ ਕੀਤਾ ਹੈ। ਉਨ੍ਹਾ ਸਿੱਧੇ ਅਤੇ ਅਸਿੱਧੇ ਟੈਕਸ ਦੇ ਮੋਰਚੇ 'ਤੇ ਕੋਈ ਰਾਹਤ ਨਹੀਂ ਦਿੱਤੀ। ਨਵੀਂ ਸਰਕਾਰ ਵੱਲੋਂ ਪੂਰਾ ਬੱਜਟ ਪੇਸ਼ ਕੀਤਾ ਜਾਵੇਗਾ।

ਫਸਲਾਂ ਦਾ ਘੱਟੋ-ਘੱਟ ਇਮਦਾਦੀ ਭਾਅ (ਐੱਮ ਐੱਸ ਪੀ) ਨਹੀਂ ਵਧਾਇਆ ਗਿਆ। ਸਾਲ ਵਿਚ ਦਿੱਤੀ ਜਾਣ ਵਾਲੀ 6 ਹਜ਼ਾਰ ਰੁਪਏ ਕਿਸਾਨ ਸਨਮਾਨ ਨਿਧੀ ਵਿਚ ਵੀ ਵਾਧਾ ਨਹੀਂ ਕੀਤਾ

● ਬਾਕੀ ਸਫ਼ਾ 2 'ਤੇ

## ਬਜਟ ਸਿਹਤ ਖੇਤਰ ਲਈ ਨਿਰਾਸ਼ਾਜਨਕ : ਡਾ. ਮਿੱਤਰਾ

**ਲੁਧਿਆਣਾ (ਐੱਮ ਐੱਸ ਭਾਟੀਆ)**

ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਾਮ ਨੇ ਅੰਤਰਮ ਬਜਟ ਵਿੱਚ ਸਿਹਤ ਬਾਰੇ ਜੋ ਵੀ ਕਿਹਾ ਹੈ, ਉਹ ਬਹੁਤ ਨਿਰਾਸ਼ਾਜਨਕ ਹੈ। ਇਹ ਵਿਚਾਰ ਇੰਡੀਅਨ ਡਾਕਟਰਜ਼ ਫਾਰ ਪੀਸ ਐਂਡ ਡਿਵੈੱਲਪਮੈਂਟ ਦੇ ਜਨਰਲ ਸਕੱਤਰ ਡਾ: ਅਰੁਣ ਮਿੱਤਰਾ ਨੇ ਪ੍ਰਗਟ ਕੀਤੇ। ਇਸ ਬਜਟ 'ਚ ਆਯੁਸ਼ਮਾਨ ਭਾਰਤ ਲਈ ਮਾਮੂਲੀ ਰਕਮ ਹੀ ਵਧਾਈ ਗਈ ਹੈ, ਜੋ ਮਹਿੰਗਾਈ ਦਰ ਨਾਲ ਵੀ ਮੇਲ ਨਹੀਂ ਖਾਂਦੀ। ਇਸ ਤੋਂ

● ਬਾਕੀ ਸਫ਼ਾ 2 'ਤੇ



2-FEB-PAGE-3.qxd 2/2/2024 12:20 AM Page 1



# ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਤਹਿਸੀਲ ਬਾਬਾ ਬਕਾਲਾ ਦਾ ਗਠਨ

## ਕੰਵਲਜੀਤ ਕੌਰ ਪ੍ਰਧਾਨ ਤੇ ਗੁਰਪ੍ਰੀਤ ਸਿੰਘ ਸਕੱਤਰ ਚੁਣੇ ਗਏ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਵੱਲੋਂ ਸੂਬੇ ਵਿੱਚ ਪੁਰਾਣੀ ਪੈਨਸ਼ਨ ਦੀ ਮੁੜ ਬਹਾਲੀ ਲਈ ਜੁਝਾਰੂ ਜੱਥੇਬੰਦ ਲਹਿਰ ਦੀ ਉਸਾਰੀ ਕਰਨ ਲਈ ਤਹਿਸੀਲ ਬਾਬਾ ਬਕਾਲਾ ਦੇ ਐਨਪੀਐੱਸ ਅਧਿਆਪਕਾਂ ਵੱਲੋਂ ਰੈਸਟ ਹਾਊਸ ਰਈਆ ਵਿਖੇ ਮੀਟਿੰਗ ਕੀਤੀ ਗਈ ਜਿਸ ਵਿੱਚ ਫਰੰਟ ਦੇ ਆਗੂ ਮਨਪ੍ਰੀਤ ਸਿੰਘ ਰਈਆ, ਸੁਖਜਿੰਦਰ ਸਿੰਘ ਰਈਆ ਅਤੇ ਗੁਰਬਿੰਦਰ ਸਿੰਘ ਖਹਿਰਾ ਸਮੇਤ ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਜਰਮਨਜੀਤ ਸਿੰਘ ਅਤੇ ਅਸ਼ਵਨੀ ਅਵਸਥੀ ਵੀ ਸ਼ਾਮਲ ਹੋਏ। ਮੀਟਿੰਗ ਵਿੱਚ ਤਹਿਸੀਲ ਬਾਬਾ ਬਕਾਲਾ ਦੀ ਕਮੇਟੀ ਵਿੱਚ ਕੰਵਲਜੀਤ ਕੌਰ ਫ਼ਜ਼ਲਵੱਡੀ ਪ੍ਰਧਾਨ, ਗੁਰਪ੍ਰੀਤ ਸਿੰਘ ਨਾਭਾ ਸਕੱਤਰ, ਚਰਨਜੀਤ ਕੌਰ ਰਈਆ ਵਿੱਤ ਸਕੱਤਰ, ਅਮਰਿੰਦਰ ਸਿੰਘ ਰਈਆ ਮੀਤ ਪ੍ਰਧਾਨ, ਹਰਪਾਲ ਸਿੰਘ ਮੀਤ ਪ੍ਰਧਾਨ ਅਤੇ ਗੋਬਿੰਦ ਸਿੰਘ ਪ੍ਰੈੱਸ ਸਕੱਤਰ ਤੋਂ ਇਲਾਵਾ 7 ਮੈਂਬਰੀ ਕਾਰਜਕਾਰਨੀ ਵੀ ਚੁਣੀ ਗਈ। ਮੀਟਿੰਗ ਵਿੱਚ ਬੁਲਾਰਿਆਂ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਵੱਲੋਂ ਪੰਜਾਬ ਵਿੱਚ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਸਬੰਧੀ ਨਵੰਬਰ 2022 ਵਿੱਚ ਨੋਟੀਫਿਕੇਸ਼ਨ ਜਾਰੀ ਕਰਨ ਦੇ ਸਵਾ ਸਾਲ ਬਾਅਦ ਵੀ ਇਸ 'ਤੇ ਕੋਈ ਅਮਲ ਸ਼ੁਰੂ ਨਹੀਂ ਕੀਤਾ ਗਿਆ ਅਤੇ ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਸਬੰਧੀ ਬਣਾਈ ਗਈ ਪੰਜ ਆਈ.ਏ.ਐਸ. ਅਫਸਰਾਂ ਦੀ ਕਮੇਟੀ ਨੂੰ ਵੀ ਇੱਕ ਸਾਲ ਤੋਂ ਵੱਧ ਸਮਾਂ ਹੋ ਚੁੱਕਾ ਹੈ ਪ੍ਰੰਤੂ ਇਸ ਸਭ ਦਾ ਸਿੱਟਾ ਸਿਫਰ ਹੈ। ਜਿਸ ਕਾਰਨ ਪੰਜਾਬ ਦੇ ਪੌਣੇ ਦੋ ਲੱਖ ਐਨ.ਪੀ.ਐਸ. ਮੁਲਾਜ਼ਮ ਠੱਗੇ ਹੋਏ ਮਹਿਸੂਸ ਕਰ ਰਹੇ ਹਨ। ਆਗੂਆਂ ਨੇ ਕਿਹਾ ਕਿ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਪਹਿਲਾਂ ਹੀ ਪੁਰਾਣੀ ਪੈਨਸ਼ਨ ਲਾਗੂ ਕਰਨ ਦੀ ਧੁਰ ਵਿਰੋਧੀ ਹੈ ਜਿਸ ਕਾਰਨ ਪੰਜਾਬ ਅੰਦਰ ਪੁਰਾਣੀ ਪੈਨਸ਼ਨ ਪ੍ਰਾਪਤੀ ਲਈ ਜੂਝਣ ਵਾਲੀਆਂ ਤਿੰਨ ਜਥੇਬੰਦੀਆਂ ਨੇ 'ਪੁਰਾਣੀ ਪੈਨਸ਼ਨ ਬਹਾਲੀ ਸਾਂਝਾ ਮੋਰਚਾ' ਉਸਾਰ ਕੇ 25 ਫਰਵਰੀ ਨੂੰ ਸੰਗਰੂਰ ਸੂਬਾਈ ਰੈਲੀ ਕਰਨ ਦਾ ਫੈਸਲਾ ਕੀਤਾ ਹੈ ਜਿਸ ਵਿੱਚ ਤਹਿਸੀਲ ਬਾਬਾ ਬਕਾਲਾ 'ਚੋਂ ਸੈਂਕੜੇ ਮੁਲਾਜ਼ਮ ਸ਼ਾਮਲ ਹੋਣਗੇ। ਇਸ ਮੀਟਿੰਗ ਵਿੱਚ ਹਰਪ੍ਰੀਤ ਸਿੰਘ ਗੱਗੜਭਾਣਾ, ਬਬੀਤਾ ਫ਼ਜ਼ਲਵੱਡੀ, ਮਹਿਲ ਸਿੰਘ ਜੱਬੋਵਾਲ, ਸ਼ਰਨਦੀਪ ਜੱਬੋਵਾਲ, ਰਮਾ ਕੁਮਾਰੀ, ਰਛਪਾਲ ਕੌਰ ਥੋਥੀਆਂ, ਰਾਜਵਿੰਦਰ ਕੌਰ ਕੋਟ ਮਹਿਤਾਬ, ਮਨਜੀਤ ਸਿੰਘ ਪੱਡਾ, ਸੁਖਚੈਨ ਸਿੰਘ ਜੱਬੋਵਾਲ, ਨਵਤੇਜ ਸਿੰਘ ਕੋਟਲਾ, ਬਲਜਿੰਦਰ ਸਿੰਘ ਉਦੋਨੰਗਲ, ਮਨਮੋਹਨ ਸਿੰਘ ਜਲਾਲ, ਰਵੀ ਕੁਮਾਰ ਅਤੇ ਇੰਦਰਜੀਤ ਸਿੰਘ ਤੋਂ ਇਲਾਵਾ ਵਿਪਨ ਰਿਖੀ, ਰਾਕੇਸ਼ ਕੁਮਾਰ ਰਈਆ, ਸੁਖਵਿੰਦਰ ਸਿੰਘ ਬਿੱਟਾ, ਨਿਰਮਲ ਸਿੰਘ ਅੰਮ੍ਰਿਤਸਰ, ਰਾਜੇਸ਼ ਪ੍ਰਾਸ਼ਰ, ਬਲਦੇਵ ਕ੍ਰਿਸ਼ਨ, ਜੈਪਾਲ ਸਿੰਘ ਫੇਰੂਮਾਨ ਅਤੇ ਸੁਖਦੇਵ ਸਿੰਘ ਉਮਰਾਨੰਗਲ ਆਦਿ ਵੀ ਹਾਜ਼ਰ ਸਨ।

# ਸਾਇੰਸ ਪ੍ਰਦਰਸ਼ਨੀ 'ਚ ਸਿਮਰਨਜੀਤ ਕੌਰ ਵੱਲੋਂ ਸ਼ਾਨਦਾਰ ਪ੍ਰਦਰਸ਼ਨ



**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੁੰਦਾ ਦੀ ਦਸਵੀਂ ਜਮਾਤ ਦੀ ਵਿਦਿਆਰਥਣ ਸਿਮਰਨਜੀਤ ਕੌਰ ਪੁੱਤਰੀ ਗੁਰਨੇਕ ਸਿੰਘ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਤਰਨ ਤਾਰਨ ਵਿਖੇ ਜ਼ਿਲ੍ਹਾ ਪੱਧਰੀ ਸਾਇੰਸ ਪ੍ਰਦਰਸ਼ਨੀ ਵਿੱਚ ਮੇਨ ਥੀਮ-ਸਾਇੰਸ ਐਂਡ ਟੈਕਨੋਲੋਜੀ ਫਾਰ ਸੋਸਾਇਟੀ, ਸਬ-ਥੀਮ ਹੈਲਥ ਵਿੱਚ ਜ਼ਿਲ੍ਹੇ ਵਿੱਚੋਂ ਦੂਜਾ ਸਥਾਨ ਪ੍ਰਾਪਤ ਕੀਤਾ।ਇਸ ਪ੍ਰਾਪਤੀ ਤੇ ਡੀਈਓ ਬਿਕਰਮਜੀਤ ਸਿੰਘ ਥਿੰਦ, ਸਕੂਲ ਇੰਚਾਰਜ ਹਰਪ੍ਰੀਤ ਸਿੰਘ ਅਤੇ ਸਮੂਹ ਸਟਾਫ ਵੱਲੋਂ ਬੱਚੇ ਦੀ ਸਖਤ ਮਿਹਨਤ ਦੀ ਸ਼ਲਾਘਾ ਕੀਤੀ ਗਈ ਅਤੇ ਉਸਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ ਗਈ।ਸਕੂਲ ਪ੍ਰਿੰਸੀਪਲ ਵੱਲੋਂ ਬੱਚੇ ਦੀ ਇਸ ਪ੍ਰਾਪਤੀ ਦਾ ਸਿਹਰਾ ਉਸਦੀ ਵਿਲੱਖਣ ਕਾਬਲੀਅਤ ਅਤੇ ਗਾਈਡ ਅਧਿਆਪਕ ਹਰਪ੍ਰੀਤ ਸਿੰਘ (ਸਾਇੰਸ ਮਾਸਟਰ) ਨੂੰ ਦਿੱਤਾ ਗਿਆ ਜਿਨ੍ਹਾਂ ਨੇ ਹਰ ਪੱਖੋਂ ਬੱਚੇ ਦੀ ਅਗਵਾਈ ਕੀਤੀ।

# ਅਗਾਮੀ ਲੋਕ ਸਭਾ ਚੋਣਾਂ ਬਾਬਤ ਸਿਆਸੀ ਸਰਗਰਮੀਆਂ ਨੇ ਫੜਿਆ ਜ਼ੋਰ



**ਅੰਮ੍ਰਿਤਸਰ (ਨਰਿੰਦਰਜੀਤ ਸਿੰਘ)**-ਦੇਸ਼ ਵਿੱਚ ਲੋਕ ਸਭਾ ਚੋਣਾਂ ਦੀ ਸੁਰ ਉੱਚੀ ਹੁੰਦੀ ਜਾ ਰਹੀ ਹੈ।ਅਪ੍ਰੈਲ ਮਹੀਨੇ ਵਿੱਚ ਇਹ ਚੋਣਾਂ ਹੋਣ ਦੀਆਂ ਕਿਆਸ ਅਰਾਈਆਂ ਸ਼ੁਰੂ ਹੋ ਚੁੱਕੀਆਂ ਹਨ।ਅੰਮ੍ਰਿਤਸਰ ਵਿੱਚ ਵੀ ਸਿਆਸੀ ਸਰਗਰਮੀਆਂ ਜ਼ੋਰ ਫੜ ਰਹੀਆਂ ਹਨ ਅਤੇ ਵੱਖ-ਵੱਖ ਪਾਰਟੀਆਂ ਦੇ ਸੰਭਾਵੀ ਉਮੀਦਵਾਰਾਂ ਦੇ ਨਾਂ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ ।ਇਸ ਸਬੰਧੀ ਆਮ ਆਦਮੀ ਪਾਰਟੀ ਵਿੱਚ ਸਭ ਤੋਂ ਵੱਧ ਸਰਗਰਮੀ ਦੇਖੀ ਜਾ ਰਹੀ ਹੈ। ਪਾਰਟੀ ਦੇ ਪੁਰਾਣੇ ਆਗੂ ਸੀਮਾ ਸੋਢੀ, ਰਾਕੇਸ਼ ਸ਼ਰਮਾ ਅਤੇ ਡਾ ਮਹੀਪਾਲ ਸਿੰਘ ਹੋਰਡਿੰਗ ਲਗਾ ਕੇ ਆਪਣਾ ਇਰਾਦਾ ਸਪਸ਼ਟ ਕਰ ਚੁੱਕੇ ਹਨ।ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਕਾਂਗਰਸ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਸਾਬਕਾ ਮੇਅਰ ਕਰਮਜੀਤ ਸਿੰਘ ਰਿੰਟੂ ਵੀ ਇਸ ਦੌੜ ਵਿੱਚ ਸ਼ਾਮਲ ਸਮਝੇ ਜਾਂਦੇ ਹਨ।ਤਿੰਨ ਸਾਲ ਪਹਿਲਾਂ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਏ ਦੂਰਦਰਸ਼ਨ ਦੇ ਚਰਚਿਤ ਚਿਹਰੇ ਅਤੇ ਫਿਲਮ ਐਕਟਰ ਅਰਵਿੰਦਰ ਸਿੰਘ ਭੱਟੀ ਵੀ ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਚੋਣ ਲੜਨ ਦੇ ਇਛੁੱਕ ਹਨ ਅਤੇ ਪਤਾ ਲੱਗਾ ਹੈ ਕਿ ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਅੱਗੇ ਆਪਣੀ ਦਾਅਵੇਦਾਰੀ ਵੀ ਪੇਸ਼ ਕਰ ਦਿੱਤੀ ਹੈ।ਉਨ੍ਹਾਂ ਨੇ ਵੀ ਹੋਰਡਿੰਗ ਲਗਾ ਕੇ ਆਪਣਾ ਦਾਅਵਾ ਮਜ਼ਬੂਤ ਕਰ ਦਿੱਤਾ ਹੈ ਪਰ ਟਿਕਟ ਕਿਸ ਨੂੰ ਮਿਲਦੀ ਹੈ, ਇਹ ਪਾਰਟੀ ਹਾਈਕਮਾਨ ਫੈਸਲਾ ਕਰੇਗੀ।ਕਾਂਗਰਸ ਪਾਰਟੀ ਦੇ ਸਿਟਿੰਗ ਐੱਮ. ਪੀ. ਗੁਰਜੀਤ ਸਿੰਘ ਔਜਲਾ ਹੀ ਇੱਥੋਂ ਪ੍ਰਮੁੱਖ ਦਾਅਵੇਦਾਰ ਹਨ ਪਰ ਕਾਂਗਰਸ ਵਿੱਚਲੀ ਧੜੇਬੰਦੀ ਗੁਰਜੀਤ ਔਜਲਾ ਦੀ ਖੇਡ ਵਿਗਾੜ ਸਕਦੀ ਹੈ। ਵੈਸੇ ਕੁਝ ਅਪੁਸ਼ਟ ਖ਼ਬਰਾਂ ਮੁਤਾਬਕ ਸਾਬਕਾ ਡਿਪਟੀ ਮੁੱਖ ਮੰਤਰੀ ਓ. ਪੀ. ਸੋਨੀ ਵੀ ਲੋਕ ਸਭਾ ਵਿੱਚ ਜਾਣਾ ਲੋਚਦੇ ਹਨ ।ਅਕਾਲੀ ਦਲ ਪਹਿਲਾਂ ਹੀ ਸਾਬਕਾ ਕੈਬਨਿਟ ਮੰਤਰੀ ਅਨਿਲ ਜੋਸ਼ੀ ਦੇ ਗਲ ਸਿਰੋਪਾ ਪਾ ਚੁੱਕਾ ਹੈ ਅਤੇ ਉਹ ਲੋਕ ਸਭਾ ਇੰਚਾਰਜ ਵਜੋਂ ਮੀਟਿੰਗਾਂ ਵੀ ਕਰ ਰਹੇ ਹਨ।ਅਨਿਲ ਜੋਸ਼ੀ ਨੂੰ ਫਿਲਹਾਲ ਪਾਰਟੀ ਵਿੱਚ ਕੋਈ ਚੁਣੌਤੀ ਨਹੀਂ ਹੈ। ਭਾਰਤੀ ਜਨਤਾ ਪਾਰਟੀ ਦੇ ਅਕਾਲੀ ਦਲ ਨਾਲ ਗੱਠਜੋੜ ਦੇ ਚਰਚੇ ਹਾਲੇ ਵੀ ਚੱਲ ਰਹੇ ਹਨ ਪਰ ਕੈਪਟਨ ਅਮਰਿੰਦਰ ਸਿੰਘ ਨਾਲ ਭਾਜਪਾ ਦਾ ਪੱਲਾ ਫੜ ਚੁੱਕੇ ਸਾਬਕਾ ਕਾਂਗਰਸੀ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਅੱਜਕਲ ਅੰਮ੍ਰਿਤਸਰ 'ਚ ਮੀਟਿੰਗਾਂ ਕਰ ਰਹੇ ਹਨ ।ਪਹਿਲਾਂ ਵੀ ਆਪਣੀ ਕਿਸਮਤ ਅਜ਼ਮਾ ਚੁੱਕੇ ਰਜਿੰਦਰ ਮੋਹਨ ਸਿੰਘ ਛੀਨਾ ਅਤੇ ਡਾ ਜਗਮੋਹਨ ਸਿੰਘ ਰਾਜੂ ਦਾ ਨਾਂ ਵੀ ਉਮੀਦਵਾਰ ਵਜੋਂ ਵੱਜ ਰਿਹਾ ਹੈ।ਸੋ ਦੇਖਣਾ ਹੁਣ ਇਹ ਹੋਵੇਗਾ ਕਿ ਵੱਖ-ਵੱਖ ਪਾਰਟੀਆਂ ਕਿਸ ਆਗੂ ਨੂੰ ਆਪਣਾ ਉਮੀਦਵਾਰ ਬਣਾਉਂਦੀਆਂ ਹਨ ।

# ਜਗੀਰ ਸਿੰਘ ਸ਼ਾਹ ਮਾਂਗਾ ਸਰਾਏ ਨੂੰ ਵੱਖ-ਵੱਖ ਆਗੂਆਂ ਵੱਲੋਂ ਸ਼ਰਧਾਂਜਲੀਆਂ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਹਲਕਾ ਮਜੀਠਾ ਦੇ ਪਿੰਡ ਮਾਂਗਾਸਰਾਏ ਤੋਂ ਸੀਨੀਅਰ ਆਪ ਆਗੂ ਸਤਨਾਮ ਸਿੰਘ ਸਰਾਂ ਦੇ ਪਿਤਾ ਜਗੀਰ ਸਿੰਘ ਸ਼ਾਹ ਜਿਨ੍ਹਾਂ ਦਾ ਅਚਾਨਕ ਦਿਹਾਂਤ ਹੋ ਗਿਆ ਸੀ, ਨਮਿਤ ਰਖਾਏ ਗਏ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਨ੍ਹਾਂ ਦੇ ਗ੍ਰਹਿ ਪਿੰਡ ਮਾਂਗਾ ਸਰਾਏ ਵਿਖੇ ਪਾਏ ਗਏ। ਭੋਗ ਉਪਰੰਤ ਭਾਈ ਰਣਜੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਜਥੇ ਵੱਲੋਂ ਰਸਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਅੰਤਿਮ ਅਰਦਾਸ ਮੌਕੇ ਆਮ ਆਦਮੀ ਪਾਰਟੀ ਵੱਲੋਂ ਹਲਕਾ ਇੰਚਾਰਜ ਸੁਖਜਿੰਦਰ ਰਾਜ ਸਿੰਘ ਲਾਲੀ ਮਜੀਠੀਆ ਦੀ ਪਤਨੀ ਡਾਕਟਰ ਸਤਿੰਦਰ ਕੌਰ ਗਿੱਲ, ਅਵਾਲਜਿਤ ਸਿੰਘ ਮਜੀਠਾ, ਸੀਨੀਅਰ ਅਕਾਲੀ ਆਗੂ ਜਥੇਦਾਰ ਦਾਰਾ ਸਿੰਘ ਭੀਲੋਵਾਲ, ਜਰਨੈਲ ਸਿੰਘ ਗਿੱਲ ਸੈਕਟਰੀ ਦੁਧਾਲਾ, ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਸੱਜਣ ਸਿੰਘ ਵੱਲੋਂ ਤਰਸੇਮ ਸਿੰਘ ਬਾਠ, ਆਪ ਆਗੂ ਭਾਈ ਦਲੇਰ ਸਿੰਘ ਖਾਲਸਾ ਸਾਧਪੁਰ, ਜਸਬੀਰ ਸਿੰਘ ਜੌਹਲ, ਸਾਬਕਾ ਸਰਪੰਚ ਅਵਤਾਰ ਸਿੰਘ ਮਾਂਗਾ, ਇੰਸਪੈਕਟਰ ਕਸ਼ਮੀਰ ਸਿੰਘ, ਅਮਰਜੀਤ ਸਿੰਘ ਭੋਲਾ ਉਧੋ ਨੰਗਲ, ਬਲਜੀਤ ਸਿੰਘ ਖਿਦੋਵਾਲੀ, ਪਵਿੱਤਰਜੀਤ ਸਿੰਘ ਕਾਲਾ ਤਾਹਿਰਪੁਰ, ਕਾਮਰੇਡ ਲਖਬੀਰ ਸਿੰਘ ਨਿਜ਼ਾਮਪੁਰ, ਦਿਲਬਾਗ ਸਿੰਘ ਜੌਹਲ ਸਾਬਕਾ ਸਰਪੰਚ ਅਤੇ ਹੋਰ ਵੱਡੀ ਗਿਣਤੀ ਵਿੱਚ ਆਗੂ ਹਾਜ਼ਰ ਸਨ।



# ਲੋਕ ਸਭਾ ਚੋਣ ਤਿਆਰੀਆਂ ਨੂੰ ਲੈ ਕੇ ਹਲਕਾ ਖਡੂਰ ਸਾਹਿਬ ਦੇ ਭਾਜਪਾ ਅਹੁਦੇਦਾਰਾਂ ਦੀ ਮੀਟਿੰਗ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਭਾਰਤੀ ਜਨਤਾ ਪਾਰਟੀ ਵੱਲੋਂ ਆਉਂਦੀਆਂ ਲੋਕ ਸਭਾ ਚੋਣਾਂ ਦੀ ਤਿਆਰੀ ਸ਼ੁਰੂ ਕਰਦਿਆਂ ਅੱਜ ਜ਼ਿਲਾ ਤਰਨ ਤਾਰਨ ਦੇ ਪ੍ਰਧਾਨ ਹਰਜੀਤ ਸਿੰਘ ਸੰਧੂ ਦੀ ਅਗਵਾਈ ਹੇਠ ਵਿਧਾਨ ਸਭਾ ਹਲਕਾ ਖਡੂਰ ਸਾਹਿਬ ਦੇ ਪਾਰਟੀ ਅਹੁਦੇਦਾਰਾਂ ਦੀ ਮੀਟਿੰਗ ਹੋਈ। ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਲੋਕ ਸਭਾ ਹਲਕਾ ਖਡੂਰ ਸਾਹਿਬ ਦੇ ਪਾਰਟੀ ਕਨਵੀਨਰ ਮਨਜੀਤ ਸਿੰਘ ਰਾਏ, ਇੰਚਾਰਜ ਸ਼ਾਮ ਸੁੰਦਰ ਅਗਰਵਾਲ ਪਹੁੰਚੇ। ਇਸ ਮੌਕੇ ਉਨ੍ਹਾਂ ਨੇ ਪਾਰਟੀ ਅਹੁਦੇਦਾਰਾਂ ਨੂੰ ਪਾਰਟੀ ਅਨੁਸ਼ਾਸ਼ਨ ਵਿੱਚ ਰਹਿ ਕੇ ਜੋਸ਼ ਨਾਲ ਕੰਮ ਕਰਨ ਦੀ ਅਪੀਲ ਕੀਤੀ। ਉਨ੍ਹਾਂ ਨੇ ਲੋਕ ਸਭਾ ਚੋਣਾਂ ਦੀ ਤਿਆਰੀ ਕਰਨ ਅਤੇ ਪਿੰਡਾਂ ਵਿੱਚ ਪ੍ਰਚਾਰ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਡੇ ਬਹੁਮਤ ਨਾਲ਼ ਤੀਜੀ ਵਾਰ ਸਰਕਾਰ ਬਣਾਉਣ ਜਾ ਰਹੇ ਹਨ ਅਤੇ ਪੰਜਾਬ ਦੇ ਲੋਕ ਵੀ ਭਾਜਪਾ ਦੀ ਮਜ਼ਬੂਤ ਸਰਕਾਰ ਚਾਹੁੰਦੇ ਹਨ। ਇਸ ਮੌਕੇ ਜ਼ਿਲਾ ਪ੍ਰਧਾਨ ਹਰਜੀਤ ਸਿੰਘ ਸੰਧੂ ਨੇ ਵਰਕਰਾਂ ਦੀਆਂ ਡਿਊਟੀਆਂ ਲਾਉਂਦਿਆਂ ਉਨ੍ਹਾਂ ਨੂੰ ਜ਼ਿਲੇ ਵਿੱਚ ਭਾਜਪਾ ਨੂੰ ਮਜ਼ਬੂਤ ਕਰਨ ਦਾ ਸੱਦਾ ਦਿੱਤਾ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਲੋੜਵੰਦਾਂ ਨੂੰ ਠੰਡ ਤੋਂ ਬਚਾਉਣ ਲਈ ਕੰਬਲ ਵੰਡੇ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁੱਖੀ ਤੇ ਸੰਸਾਰ ਪ੍ਰਸਿੱਧ ਸਮਾਜਸੇਵੀ ਸ਼ਖ਼ਸੀਅਤ ਮਾਨਯੋਗ ਡਾ. ਐਸ. ਪੀ. ਸਿੰਘ ਉਬਰਾਏ ਦੀ ਯੋਗ ਸਰਪ੍ਰਸਤੀ ਹੇਠ ਅਤੇ ਟਰੱਸਟ ਦੇ ਕੌਮੀ ਪ੍ਰਧਾਨ ਜੱਸਾ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਰਵਿੰਦਰ ਸਿੰਘ ਮਠਾਰੂ ਤੇ ਟੀਮ ਮੈਂਬਰਾਂ ਵੱਲੋਂ ਕੜਾਕੇ ਦੀ ਠੰਡ ਵਿੱਚ ਲੋੜਵੰਦਾਂ ਨੂੰ ਠੰਡ ਤੋਂ ਬਚਾਉਣ ਦੇ ਮਕਸਦ ਨਾਲ ਸਥਾਨਕ ਬੱਸ ਸਟੈਂਡ ਦੇ ਸਾਹਮਣੇ ਗਰਮ ਕੰਬਲ ਵੰਡ ਕੇ ਠੰਡ ਨਾਲ ਕੰਬ ਰਹੇ ਰਿਕਸ਼ਾ ਚਾਲਕਾਂ, ਰੇਹੜੀ ਵਾਲਿਆਂ ਤੋਂ ਇਲਾਵਾ ਬਜ਼ੁਰਗਾਂ, ਔਰਤਾਂ, ਬੱਚਿਆਂ ਤੇ ਹੋਰ ਲੋੜਵੰਦਾਂ ਨੂੰ ਵੱਲੋ ਨਿੱਘ ਦਿੱਤਾ ਗਿਆ। ਇਸ ਮੌਕੇ ਟਰੱਸਟ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਰਵਿੰਦਰ ਸਿੰਘ ਮਠਾਰੂ ਦੇ ਪੁਲਸ ਜ਼ਿਲਾ ਬਟਾਲਾ ਦੇ ਐਸ ਪੀ ਹੈੱਡਕੁਆਰਟਰ ਜਗਵਿੰਦਰਜੀਤ ਸਿੰਘ, ਨਗਰ ਸੁਧਾਰ ਟਰਸਟ ਦੇ ਚੇਅਰਮੈਨ ਨਰੇਸ਼ ਗੋਇਲ, ਟਰੈਫਿਕ ਪੁਲਸ ਬਟਾਲਾ ਦੇ ਇੰਚਾਰਜ ਇੰਸਪੈਕਟਰ ਰਵਿੰਦਰਪਾਲ ਸਿੰਘ ਗਰੇਵਾਲ, ਟਰੱਸਟ ਦੇ ਜਨਰਲ ਸੈਕਟਰੀ ਰਜਿੰਦਰ ਸਿੰਘ ਹੈਪੀ, ਇੰਦਰਪ੍ਰੀਤ ਸਿੰਘ ਰਿੱਕੀ , ਰੋਹਿਤ ਕੁਮਾਰ ਤੋਂ ਇਲਾਵਾ ਹੋਰ ਵੀ ਪੁਲਸ ਅਧਿਕਾਰੀ ਹਾਜ਼ਰ ਸਨ। ਇਸ ਮੌਕੇ ਚੇਅਰਮੈਨ ਨਰੇਸ਼ ਗੋਇਲ ਅਤੇ ਐਸ. ਪੀ. ਹੈੱਡਕੁਆਰਟਰ ਜਗਵਿੰਦਰਜੀਤ ਸਿੰਘ ਨੇ ਕਿਹਾ ਕਿ ਡਾ. ਐੱਸ. ਪੀ. ਸਿੰਘ ਉਬਰਾਏ ਵੱਲੋਂ ਬਹੁਤ ਹੀ ਨੇਕ ਤੇ ਸ਼ਲਾਘਾਯੋਗ ਕਾਰਜ ਕੀਤੇ ਜਾ ਰਹੇ ਹਨ, ਜਦਕਿ ਗਰੀਬਾਂ, ਲੋੜਵੰਦਾਂ ਨੂੰ ਠੰਡ ਦੇ ਕਹਿਰ ਤੋਂ ਬਚਾਉਣ ਦੇ ਲਈ ਬਹੁਤ ਹੀ ਚੰਗੀ ਕੁਆਲਿਟੀ ਦੇ ਕਰਮ ਕੰਬਲ ਵੰਡੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਦੇਸ ਵਿਦੇਸ਼ ਦੇ ਅੰਦਰ ਡਾ. ਉਬਰਾਏ ਵੱਲੋਂ ਮਨੁੱਖਤਾ ਨੂੰ ਬਚਾਉਣ ਦੇ ਲਈ ਬਹੁਤ ਹੀ ਨੇਕ ਕਾਰਜ ਕੀਤੇ ਜਾ ਰਹੇ ਹਨ, ਜਦਕਿ ਆਪਣੀ ਨੇਕ ਕਿਰਤ ਕਮਾਈ ਦਾ 99 ਫੀਸਦੀ ਹਿੱਸਾ ਗਰੀਬਾਂ ਦੇ ਉੱਪਰ ਖਰਚ ਕਰਕੇ ਡਾ. ਉਬਰਾਏ ਵੱਲੋਂ ਪੂਰੇ ਹੀ ਵਿਸ਼ਵ ਭਰ ਦੇ ਅੰਦਰ ਸਿੱਖਾਂ, ਸਰਦਾਰਾਂ, ਪੰਜਾਬੀਆਂ ਤੇ ਭਾਰਤੀਆਂ ਦਾ ਸਿਰ ਉੱਚਾ ਕੀਤਾ ਗਿਆ ਹੈ। ਇਸ ਮੌਕੇ ਜ਼ਿਲ੍ਹਾ ਗੁਰਦਾਸਪੁਰ ਟਰੱਸਟ ਦੇ ਪ੍ਰਧਾਨ ਰਵਿੰਦਰ ਸਿੰਘ ਮਠਾਰੂ ਨੇ ਦੱਸਿਆ ਕਿ ਸਮੁੱਚੇ ਹੀ ਜਿਲ੍ਹੇ ਭਰ ਦੇ ਅੰਦਰ ਲੋੜਵੰਦਾਂ ਨੂੰ ਕੰਬਲ ਵੰਡੇ ਜਾ ਰਹੇ ਹਨ। ਇਸ ਮੌਕੇ ਹੋਰ ਵੀ ਮੈਂਬਰ ਹਾਜਰ ਸਨ।

# ਕਰਵਾਲੀਆਂ 'ਚ ਲੋਕ ਮੁਸ਼ਕਲਾਂ ਦੇ ਨਿਪਟਾਰੇ ਲਈ ਲੱਗਾ ਵਿਸ਼ੇਸ਼ ਕੈਂਪ



**ਬਟਾਲਾ ( ਡਾ. ਮਲਵਿੰਦਰ ਸਿੰਘ)**-ਡਾ. ਹਿਮਾਂਸ਼ੂ ਅਗਰਵਾਲ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੋਕਾਂ ਦੀਆਂ ਮੁਸ਼ਕਿਲਾਂ ਹੱਲ਼ ਕਰਨ ਦੇ ਮੰਤਵ ਨਾਲ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਹਨ, ਜਿਸ ਤਹਿਤ ਬਲਾਕ ਬਟਾਲਾ ਦੇ ਪਿੰਡ ਕਰਵਾਲੀਆਂ ਵਿਖੇ ਲੋਕਾਂ ਦੀਆਂ ਮੁਸ਼ਕਲਾਂ ਹੱਲ ਕਰਨ ਲਈ ਵਿਸ਼ੇਸ਼ ਕੈਂਪ ਲਗਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐੱਸਡੀਐੱਮ ਬਟਾਲਾ ਡਾ ਸ਼ਾਇਰੀ ਭੰਡਾਰੀ ਨੇ ਦੱਸਿਆ ਕਿ ਇਸ ਕੈਂਪ ਵਿੱਚ ਬਟਾਲਾ ਬਲਾਕ ਦੇ ਪਿੰਡ ਕਰਵਾਲੀਆਂ, ਖਾਨ ਫੱਤਾ, ਓਠੀਆਂ ਅਤੇ ਤਾਰਾਗੜ੍ਹ ਦੇ ਲੋਕਾਂ ਨੇ ਵਿਸ਼ੇਸ਼ ਕੈਂਪ ਵਿੱਚ ਸ਼ਿਰਕਤ ਕਰਕੇ ਆਪਣੀਆਂ ਮੁਸ਼ਕਲਾਂ ਦੱਸੀਆਂ ਜਿਸ ਵਿੱਚ ਪਿੰਡਾਂ ਦੇ ਲੋਕਾਂ ਨੇ ਛੱਪੜ ਦੀ ਸਫਾਈ, ਗਲੀਆਂ-ਨਾਲੀਆਂ ਬਣਾਉਣ, ਪਿੰਡਾਂ ਦੀਆਂ ਫਿਰਨੀਆਂ ਨੂੰ ਪੱਕਾ ਕਰਨਾ, ਕੱਚੇ ਕੋਠਿਆਂ ਦੀਆਂ ਗ੍ਰਾਂਟਾਂ, ਆਟਾ ਦਾਲ ਸਕੀਮ ਅਤੇ ਰਾਸ਼ਨ ਕਾਰਡ ਆਦਿ ਮੁਸ਼ਕਲਾਂ ਤੋ ਜਾਣੂ ਕਰਵਾਇਆ ਗਿਆ। ਇਸ ਵਿਚੋਂ ਕੁਝ ਮੁਸ਼ਕਿਲਾਂ ਦਾ ਮੌਕੇ 'ਤੇ ਨਿਪਟਾਰਾ ਕੀਤਾ ਗਿਆ ਤੇ ਬਾਕੀ ਮੁਸ਼ਕਿਲਾਂ ਸਬੰਧੀ ਸਬੰਧਿਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਮੁਸ਼ਕਿਲਾਂ ਹੱਲ ਕਰਨ ਦੇ ਦਿਸ਼ਾ-ਨਿਰਦੇਸ਼ ਦਿੱਤੇ ਗਏ।

# ਏਆਰਡੀਬੀ ਤੇ ਆਰਸੀਐੱਸ ਦਾ ਕੰਪਿਊਟਰੀਕਰਨ ਪ੍ਰੋਜੈਕਟ ਸ਼ੁਰੂ

**ਲੁਧਿਆਣਾ** : ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸਾਂ ਦੇ ਖੇਤੀਬਾੜੀ ਅਤੇ ਪੇਂਡੂ ਵਿਕਾਸ ਬੈਂਕ (ਏਆਰਡੀਬੀ) ਅਤੇ ਸਹਿਕਾਰੀ ਸਭਾਵਾਂ (ਆਰਸੀਐੱਸ) ਦਫਤਰਾਂ ਦੇ ਕੰਪਿਊਟਰੀਕਰਨ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ ਗਈ। ਕੰਪਿਊਟਰੀਕਰਨ ਸਹਿਕਾਰਤਾ ਮੰਤਰਾਲੇ ਦੁਆਰਾ ਚੁੱਕਿਆ ਗਿਆ ਇੱਕ ਮਹੱਤਵਪੂਰਨ ਕਦਮ ਹੈ। ਇਹ ਪ੍ਰੋਜੈਕਟ ਸਹਿਕਾਰੀ ਖੇਤਰ ਦਾ ਆਧੁਨਿਕੀਕਰਨ ਕਰੇਗਾ ਅਤੇ ਸਮੁੱਚੇ ਸਹਿਕਾਰੀ ਈਕੋਸਿਸਟਮ ਨੂੰ ਇੱਕ ਡਿਜੀਟਲ ਪਲੇਟਫਾਰਮ 'ਤੇ ਲਿਆ ਕੇ ਇਸਦੀ ਕੁਸ਼ਲਤਾ ਨੂੰ ਵਧਾਏਗਾ। ਉਨ੍ਹਾਂ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ 63,000 ਕਾਰਜਸ਼ੀਲ ਪ੍ਰਾਇਮਰੀ ਐਗਰੀਕਲਚਰਲ ਕ੍ਰੈਡਿਟ ਕੋਆਪਰੇਟਿਵ ਸੋਸਾਇਟੀਆਂ (ਪੀਐੱਸੀਐੱਸ) ਦੇ ਕੰਪਿਊਟਰੀਕਰਨ ਦੇ ਪ੍ਰੋਜੈਕਟ ਨੂੰ ਭਾਰਤ ਸਰਕਾਰ ਦੁਆਰਾ ਮਨਜ਼ੂਰੀ ਦਿੱਤੀ ਗਈ ਹੈ। ਇਸ ਪ੍ਰੋਜੈਕਟ ਵਿੱਚ ਪੀਐੱਸੀਐੱਸ ਨੂੰ ਸਾਂਝਾ ਰਾਸਟਰੀ ਸਾਫਟਵੇਅਰ ਅਧਾਰਤ ਐਂਟਰਪ੍ਰਾਈਜ਼ ਰਿਸੋਰਸ ਪਲੈਨਿੰਗ 'ਤੇ ਲਿਆਉਣਾ, ਉਨ੍ਹਾਂ ਨੂੰ ਰਾਜ ਸਹਿਕਾਰੀ ਬੈਂਕਾਂ (ਐੱਸਟੀਸੀਬੀ) ਅਤੇ ਜ਼ਿਲ੍ਹਾ ਕੇਂਦਰੀ ਸਹਿਕਾਰੀ ਬੈਂਕਾਂ (ਡੀਸੀਸੀਬੀ) ਰਾਹੀਂ ਨਾਬਾਰਡ ਨਾਲ ਜੋੜਨਾ ਸ਼ਾਮਲ ਹੈ।

# ਸੈਸ਼ਨਜ਼ ਜੱਜ ਤਰਨ ਤਾਰਨ ਵੱਲੋਂ ਸੈਂਟਰਲ ਜੇਲ ਗੋਇੰਦਵਾਲ ਸਾਹਿਬ ਦਾ ਅਚਨਚੇਤ ਦੌਰਾ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਸ਼੍ਰੀਮਤੀ ਪ੍ਰਿਆ ਸੂਦ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ-ਕਮ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਤਰਨ ਤਾਰਨ ਸ਼ਿਲਪਾ, ਚੀਫ ਜੁਡੀਸ਼ੀਅਲ ਮੈਜੀਸਟ੍ਰੇਟ, ਤਰਨ ਤਾਰਨ, ਮੈਡਮ ਪ੍ਰਤਿਮਾ ਅਰੋੜਾ, ਚੀਫ ਜੁਡੀਸ਼ੀਅਲ ਮੈਜਿਸਟ੍ਰੇਟ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮਿਸ ਕੋਨੀਕਾ, ਡਿਪਟੀ ਲੀਗਲ ਏਡ ਡੀਫੈਂਸ ਕੌਂਸਲ ਤਰਨ ਤਾਰਨ, ਮਿਸ ਸ਼ੁਭਮ, ਅਸੀਸਟੈਂਟ, ਲੀਗਲ ਏਡ ਡਿਫੈਂਸ ਕੌਂਸਲ, ਤਰਨ ਤਾਰਨ ਅਤੇ ਗੁਰਕੀਰਤ ਸਿੰਘ, ਅਸਿਸਟੈਂਟ, ਲੀਗਲ ਏਡ ਡਿਫੈਂਸ ਕੌਂਸਲ, ਤਰਨ ਤਾਰਨ ਦੇ ਸਹਿਯੋਗ ਨਾਲ ਸੈਂਟਰਲ ਜੇਲ ਗੋਇੰਦਵਾਲ ਸਾਹਿਬ ਵਿਖੇ ਦੌਰਾ ਕੀਤਾ ਗਿਆ। ਇਸ ਮੌਕੇ ਗੁਰਚਰਨ ਸਿੰਘ, ਸੁਪਰਡੈਂਟ, ਸੈਂਟਰਲ ਜੇਲ ਗੋਇੰਦਵਾਲ ਸਾਹਿਬ ਅਤੇ ਉੱਥੋਂ ਦਾ ਸਟਾਫ ਹਾਜ਼ਰ ਸਨ। ਜੱਜ ਸਾਹਿਬ ਨੇ ਇਸ ਮੌਕੇ ਬੰਦ ਹਵਾਲਾਤੀ ਅਤੇ ਕੈਦੀਆਂ ਦੀਆਂ ਮੁਸ਼ਕਲਾਂ ਨੂੰ ਸੁਣਿਆ ਅਤੇ ਮੌਕੇ ਤੇ ਹੀ ਜੇਲ੍ਹ ਦੇ ਸੁਪਰਡੈਂਟ ਨੂੰ ਉਨ੍ਹਾਂ ਦੀਆਂ ਮੁਸ਼ਕਲਾਂ ਹੱਲ ਕਰਨ ਦੇ ਦਿਸ਼ਾ ਨਿਰਦੇਸ਼ ਦਿੱਤੇ।ਜੱਜ ਸਾਹਿਬ ਵੱਲੋਂ ਜੇਲ੍ਹ ਵਿੱਚ ਹਵਾਲਾਤੀਆਂ ਅਤੇ ਕੈਦੀਆਂ ਦੀਆਂ ਬੈਰਿਕਾਂ ਵਿੱਚ ਜਾ ਕੇ ਉਨ੍ਹਾਂ ਦੇ ਰਹਿਣ-ਸਹਿਣ ਦੀ ਸਾਫ-ਸਫਾਈ ਦੀ ਜਾਂਚ ਕੀਤੀ ਅਤੇ ਜੇਲ੍ਹ ਦੀ ਮੈਸ (ਰਸੋਈ) ਚੈੱਕ ਕੀਤੀ ਅਤੇ ਉੱਥੋਂ ਦੀ ਸਾਫ-ਸਫਾਈ ਦਾ ਵੀ ਨਿਰੀਖਣ ਕੀਤਾ।ਜੱਜ ਸਾਹਿਬ ਨੇ ਜੇਲ੍ਹ ਸੁਪਰਡੈਂਟ ਨੂੰ ਨਿਰਦੇਸ਼ ਦਿੱਤੇ ਕਿ ਹਵਾਲਾਤੀਆਂ ਅਤੇ ਕੈਦੀਆਂ ਦੀ ਨਿਯਮਿਤ ਮੈਡੀਕਲ ਜਾਂਚ ਹੁੰਦੀ ਰਹੇ। ਮੌਜੂਦ ਹਵਾਲਾਤੀਆਂ ਅਤੇ ਕੈਦੀਆਂ ਨੂੰ ਉਨ੍ਹਾਂ ਦੇ ਕਾਨੂੰਨੀ ਹੱਕਾਂ ਬਾਰੇ ਜਾਣਕਾਰੀ ਦਿੱਤੀ ਅਤੇ ਇਹ ਵੀ ਦੱਸਿਆ ਕਿ ਉਹ ਆਪਣੀ ਅਪੀਲ ਕਦੋਂ ਅਤੇ ਕਿਸ ਪੀਰੀਅਡ ਦੇ ਦੌਰਾਨ ਲਗਾ ਸਕਦੇ ਹਨ।ਇਸ ਮੌਕੇ ਉਨ੍ਹਾਂ ਨੇ ਇਹ ਵੀ ਜਾਣਕਾਰੀ ਦਿੱਤੀ ਕਿ ਹਵਾਲਾਤੀਆਂ ਅਤੇ ਕੈਦੀਆਂ ਨੂੰ ਲੋਅਰ ਕੋਰਟ ਤੋਂ ਲੈ ਕੇ ਸੁਪਰੀਮ ਕੋਰਟ ਤੱਕ ਵਕੀਲ ਮੁਫਤ ਦਿੱਤੇ ਜਾਂਦੇ ਹਨ। ਇਸ ਮੌਕੇ ਤੇ ਜੱਜ ਸਾਹਿਬ ਨੇ ਹਵਾਲਾਤੀਆਂ ਅਤੇ ਕੈਦੀਆਂ ਦੇ ਮੁਫਤ ਕਾਨੂੰਨੀ ਸਹਾਇਤਾ ਲੈਣ ਵਾਸਤੇ ਫਾਰਮ ਵੀ ਭਰੇ ਅਤੇ ਆਪਣੇ ਸਟਾਫ ਨੂੰ ਨਿਰਦੇਸ਼ ਦਿੱਤੇ ਕਿ ਇਨ੍ਹਾਂ ਫਾਰਮਾਂ ਦਾ ਸਾਰਾ ਪ੍ਰੋਸੈਸ ਪੂਰਾ ਕਰਕੇ ਜਲਦੀ ਤੋਂ ਜਲਦੀ ਮੁਫਤ ਕਾਨੂੰਨੀ ਸਹਾਇਤਾ ਦੁਆਈ ਜਾਵੇ।ਇਸ ਮੌਕੇ ਉਨ੍ਹਾਂ ਕੈਦੀਆਂ ਅਤੇ ਹਵਾਲਾਤੀਆਂ ਨੂੰ ਇਹ ਸਲਾਹ ਦਿੱਤੀ ਕਿ ਉਹ ਸਮਾਜ ਵਿੱਚ ਰਹਿ ਕੇ ਆਮ ਇਨਸਾਨ ਵਾਂਗ ਆਪਣਾ ਜੀਵਨ ਦਾ ਨਿਰਬਾਹ ਕਰਨ ਅਤੇ ਦੁਬਾਰਾ ਕੋਈ ਵੀ ਗਲਤ ਕੰਮ ਕਰਕੇ ਜੇਲ੍ਹ ਵਿੱਚ ਨਾ ਆਉਣ।

# ਨੈਸ਼ਨਲ ਯੂਥ ਪਾਰਟੀ ਦੇ ਪ੍ਰੋਗਰਾਮ ਨੂੰ ਪੰਜਾਬ ਦੇ ਪ੍ਰਾਈਵੇਟ ਸਕੂਲਾਂ ਦਾ ਮਿਲਿਆ ਸਮਰਥਨ: ਗਿੱਲ



**ਬਾਬਾ ਬਕਾਲਾ ਸਾਹਿਬ, (ਨਿਰਮਲ ਸਿੰਘ ਸੰਘਾ)**-ਅੰਗਰੇਜ਼ੀ ਸਕੂਲਾਂ 'ਚ 25% ਕੋਟੇ ਦੀਆਂ ਸੀਟਾਂ ਦੀ ਬਹਾਲੀ ਨੂੰ ਯਕੀਨੀ ਬਣਾਉਂਣ ਲਈ ਨੈਸ਼ਨਲ ਯੂਥ ਪਾਰਟੀ ਨੇ ਸੂਬਾ ਸਰਕਾਰ ਦੀ ਘੇਰਾਬੰਦੀ ਕਰਨ ਦਾ ਰਸਮੀਂ ਐਲਾਨ ਕਰ ਦਿੱਤਾ ਹੈ। ਨੈਸ਼ਨਲ ਯੂਥ ਪਾਰਟੀ ਦੇ ਸੂਬਾ ਪ੍ਰਧਾਨ ਸਤਨਾਮ ਸਿੰਘ ਗਿੱਲ ਨੇ ਦੱਸਿਆ ਹੈ ਕਿ ਸੂਬੇ ਭਰ ਦੇ ਗੈਰ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ 'ਚ ਸਰਕਾਰੀ ਫੀਸਾਂ ਦੀ ਅਦਾਇਗੀ ਨੂੰ ਯਕੀਨੀ ਬਣਾਉਣ ਅਤੇ ਕੋਟੇ ਦੀਆਂ ਸੀਟਾਂ ਨੂੰ ਬਹਾਲ ਕਰਾਉਣ ਲਈ ਅੜਿੱਕਾ ਬਣੇ ਆ ਰਹੇ ਆਰਟੀਈ ਰੂਲ 2011 ਦੇ ਨਿਯਮ 7 (4) ਨੂੰ ਸੋਧ ਦੀ ਪ੍ਰਕਿਰਿਆ ਅਧੀਨ ਲਿਆ ਕੇ ਵਾਪਸ ਕਰਾਉਣ ਲਈ ਪੰਜਾਬ ਸਰਕਾਰ ਨਾਲ ਤਾਲਮੇਲ ਸ਼ੁਰੂ ਕਰ ਦਿੱਤਾ ਗਿਆ ਹੈ।

ਉਨ੍ਹਾਂ ਨੇ ਕਿਹਾ ਕਿ ਸੂਬੇ ਦੇ 3 ਕਰੋੜ ਮਾਪਿਆਂ ਨੂੰ ਕੋਟੇ ਦੀਆਂ ਸੀਟਾਂ ਤੇ ਫੀਸਾਂ ਦੇ ਬੇਲੋੜੇ ਬੋਝ ਤੋਂ ਮੁਕਤ ਕਰਵਾਉਣ ਲਈ ਤਿਆਰ ਕੀਤੇ ਪ੍ਰੋਗਰਾਮ ਅਨੁਸਾਰ ਸ਼ਹਿਰਾਂ ਅਤੇ ਪਿੰਡਾਂ 'ਚ ਮਤੇ ਪਾਸ ਕਰਵਾ ਕੇ ਸਰਕਾਰ ਤੇ ਦਬਾਅ ਬਣਾਇਆ ਜਵੇਗਾ ਕਿ ਉਹ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੱਦ ਕੇ ਆਰਟੀਈ ਰੂਲ 2011 ਦੇ ਨਿਯਮ 7 (4) ਨੂੰ ਫੌਰੀ ਤੌਰ 'ਤੇ ਵਾਪਸ ਲੈਣ।

## ਸਰਕਾਰੀ ਸਕੂਲ ਜੈਤੋਸਰਜਾ ਤੋਂ ਵੋਟਰ ਜਾਗਰੂਕਤਾ ਵੈਨ ਰਵਾਨਾ



**ਬਟਾਲਾ, (ਡਾ. ਮਲਵਿੰਦਰ ਸਿੰਘ)**-ਡਾ. ਹਿਮਾਂਸ਼ੂ ਅਗਰਵਾਲ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਗੁਰਦਾਸਪੁਰ ਦੀ ਅਗਵਾਈ ਵਿੱਚ ਜ਼ਿਲ੍ਹੇ ਭਰ ਅੰਦਰ ਨਵੀਆਂ ਵੋਟਾਂ ਬਣਾਉਣ ਅਤੇ ਖਾਸ ਕਰਕੇ 18-19 ਸਾਲ ਦੇ ਵਿਦਿਆਰਥੀਆਂ ਦੀਆਂ ਵੋਟਾਂ ਬਣਾਉਣ ਲਈ ਜਾਗਰੂਕਤਾ ਰੈਲੀਆਂ ਅਤੇ ਕੈਂਪ ਲਗਾਏ ਜਾ ਰਹੇ ਹਨ।ਇਸ ਸਬੰਧ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਜੋਆ ਅਤੇ ਬੀਐੱਲਓ ਹਰਗੋਬਿੰਦਪੁਰ ਅਤੇ ਇੰਚਾਰਜ ਵੱਲੋਂ ਵੋਟਰ ਜਾਗਰੂਕਤਾ ਵੈਨ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜੈਤੋਸਰਜਾ ਤੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਇਸ ਮੌਕੇ ਪ੍ਰਿੰ. ਜਸਬੀਰ ਕੌਰ, ਵੈਨ ਇੰਚਾਰਜ ਮਦਨ ਲਾਲ ਘੁਮਾਣ, ਸਮੂਹ ਸਟਾਫ, ਵਿਦਿਆਰਥੀ ਅਤੇ ਮੋਹਤਬਰ ਆਦਿ ਮੌਜੂਦ ਸਨ। ਇਸ ਮੌਕੇ ਸਹਾਇਕ ਸਵੀਪ ਨੋਡਲ ਅਫਸਰ ਲਖਵਿੰਦਰ ਸਿੰਘ ਨੇ ਦੱਸਿਆ ਕਿ ਸਿੱਖਿਆ ਸੰਸਥਾਵਾਂ ਵਿੱਚ ਜਾਗਰੂਕਤਾ ਕੈਂਪ ਅਤੇ ਜਾਗਰੂਕਤਾ ਰੈਲੀਆਂ ਕੱਢੀਆਂ ਜਾ ਰਹੀਆਂ ਹਨ ਅਤੇ ਸਕੂਲ ਮੁਖੀਆਂ ਨੂੰ 18-19 ਸਾਲ ਦੇ ਵਿਦਿਆਰਥੀਆਂ ਦੀਆਂ ਵੋਟਾਂ ਬਣਾਉਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ।

## ਮੋਬਾਇਲ ਵਰਕਸ਼ਾਪ 'ਚ ਚੋਰੀ, ਚੋਰ ਅੜਿੱਕੇ

**ਗੁਰਦਾਸਪੁਰ (ਜਨਕ ਮਹਾਜਨ)**-ਥਾਣਾ ਪੁਰਾਣਾ ਸ਼ਾਲਾ ਪੁਲਸ ਨੇ ਚੋਰੀ ਕਰਨ ਵਾਲੇ ਵਿਅਕਤੀ ਖ਼ਿਲਾਫ਼ ਮਾਮਲਾ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਸੰਦੀਪ ਸਿੰਘ ਪੁੱਤਰ ਬਲਜਿੰਦਰ ਸਿੰਘ ਵਾਸੀ ਸੈਦੋਵਾਲ ਖੁਰਦ ਥਾਣਾ ਭੈਣੀ ਮੀਆਂ ਖਾਂ ਨੇ ਦੱਸਿਆ ਕਿ ਮੇਰੀ ਅੱਡਾ ਪੁਰਾਣਾ ਸ਼ਾਲਾ ਵਿਖੇ ਗੁਰੂ ਨਾਨਕ ਆਟੋ ਮੋਬਾਇਲ ਵਰਕਸ਼ਾਪ ਹੈ। 30.01.2024 ਨੂੰ ਵਕਤ ਕਰੀਬ ਰਾਤ 7 ਵਜੇ ਮੈਂ ਰੋਜ਼ਾਨਾ ਦੀ ਤਰ੍ਹਾਂ ਆਪਣੀ ਵਰਕਸ਼ਾਪ ਬੰਦ ਕਰਕੇ ਆਪਣੇ ਘਰ ਨੂੰ ਚਲਾ ਗਿਆ ਸੀ, ਅਗਲੇ ਦਿਨ ਮਿਤੀ 31.01.2024 ਨੂੰ ਵਕਤ ਕਰੀਬ ਸਵੇਰੇ 9 ਵਜੇ ਜਦ ਵਰਕਸ਼ਾਪ ਖੋਲ੍ਹਣ ਲੱਗਾ ਤਾਂ ਵੇਖਿਆ ਕਿ ਦੁਕਾਨ ਦੇ ਸ਼ਟਰ ਦਾ ਤਾਲਾ ਟੁੱਟਾ ਹੋਇਆ ਸੀ ਅਤੇ ਦੁਕਾਨ ਦੇ ਅੰਦਰੋਂ ਵੈਕਿਊਮ ਕਲੀਨਰ ਗਾਇਬ ਸੀ ਤੇ ਬਾਹਰ ਖੜੀ ਕਾਰ ਨੰਬਰ ਪੀ.ਬੀ. 06 ਕੇ 5353 ਮਾਰਕਾ ਏ ਸਟਾਰ ਵਿਚੋ ਸਟੈਪਨੀ ਗਾਇਬ ਸੀ ਜੋ ਮਿਤੀ 30/31 ਦੀ ਦਰਮਿਆਨੀ ਰਾਤ ਨੂੰ ਕੋਈ ਨਾ-ਮਲੂਮ ਵਿਅਕਤੀ ਚੋਰੀ ਕਰਕੇ ਲੈ ਗਿਆ ਹੈ। ਪੁਲਸ ਵੱਲੋਂ ਜਾਂਚ ਪੜਤਾਲ ਕਰਨ 'ਤੇ ਪਤਾ ਚਲਿਆ ਕਿ ਇਹ ਚੋਰੀ ਦੋਸ਼ੀ ਮੰਨੀ ਉਕਤ ਨੇ ਕੀਤੀ ਹੈ ਜਿਸ ਨੂੰ ਪੁਲਸ ਪਾਰਟੀ ਨੇ ਕਾਬੂ ਕਰਕੇ ਉਸ ਖ਼ਿਲਾਫ਼ ਧਾਰਾ 380, 457 ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

## ਸਰਕਾਰੀ ਬਹੁਤਕਨੀਕੀ ਕਾਲਜ ਦੋਦਵਾਂ 'ਚ ਰਾਸ਼ਟਰੀ ਵੋਟਰ ਦਿਵਸ ਮਨਾਇਆ

**ਗੁਰਦਾਸਪੁਰ, (ਦਿਨੇਸ਼ ਕੁਮਾਰ)**-ਸਰਕਾਰੀ ਬਹੁਤਕਨੀਕੀ ਕਾਲਜ ਦੋਦਵਾਂ ਦੀਨਾਨਗਰ ਵਿਖੇ ਰਾਸ਼ਟਰੀ ਵੋਟਰ ਦਿਵਸ ਮਨਾਇਆ ਗਿਆ। ਇਸ ਮੌਕੇ ਕਾਲਜ ਦੇ ਵਿਦਿਆਰਥੀਆਂ ਵੱਲੋਂ ਪੋਸਟਰ ਮੇਕਿੰਗ ਅਤੇ ਸਪੀਚ ਰਾਹੀਂ ਵੋਟਿੰਗ ਸਬੰਧੀ ਵਿਚਾਰ ਪੇਸ਼ ਕੀਤੇ ਗਏ।ਇਸ ਮੌਕੇ ਕਾਲਜ ਪ੍ਰਿੰਸੀਪਲ ਇੰਜੀਨੀਅਰ ਵਿਜੇ ਕੁਮਾਰ ਥਾਪਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਵੋਟਰ ਸਿੱਖਿਆ ਭਾਰਤ ਵਿੱਚ ਵੋਟਰ ਜਾਗਰੂਕਤਾ ਫੈਲਾਉਣ ਅਤੇ ਵੋਟਰ ਸਾਖਰਤਾ ਨੂੰ ਉਤਸ਼ਾਹਤ ਕਰਨ ਲਈ ਭਾਰਤ ਚੋਣ ਕਮਿਸ਼ਨ ਦਾ ਇੱਕ ਪ੍ਰਮੁੱਖ ਪ੍ਰੋਗਰਾਮ ਹੈ। ਇਸ ਦਾ ਮੁੱਖ ਟੀਚਾ ਸਾਰੇ ਨਾਗਰਿਕਾਂ ਨੂੰ ਵੋਟ ਪਾਉਣ ਅਤੇ ਚੋਣਾਂ ਦੌਰਾਨ ਸੂਝਵਾਨ ਫੈਸਲਾ ਲੈ ਕੇ ਇੱਕ ਵਧੀਆ ਲੋਕਤੰਤਰ ਦਾ ਨਿਰਮਾਣ ਕਰਨਾ ਹੈ। ਹਰ ਵਿਅਕਤੀ ਨੂੰ ਆਪਣੀ ਵੋਟ ਦਾ ਪ੍ਰਯੋਗ ਜ਼ਰੂਰ ਕਰਨਾ ਚਾਹੀਦਾ ਹੈ ਅਤੇ ਇੱਕ ਸੂਝਵਾਨ ਨਾਗਰਿਕ ਬਣ ਕੇ ਆਪਣੀ ਵੋਟ ਦਾ ਪ੍ਰਯੋਗ ਕਰਕੇ ਅਸੀਂ ਚੰਗੀ ਸਰਕਾਰ ਬਣਾ ਸਕਦੇ ਹਨ। ਇਸ ਤੋਂ ਬਾਅਦ ਵਿਦਿਆਰਥੀਆਂ ਅਤੇ ਸਮੂਹ ਸਟਾਫ ਵੱਲੋਂ ਇਸ ਸਬੰਧੀ ਸਹੁੰ ਵੀ ਚੁੱਕੀ ਗਈ। ਇਸ ਮੌਕੇ ਬਿਕਰਮਜੀਤ ਸਿੰਘ, ਲੈਕਚਰਰ ਮਨਦੀਪ ਸਿੰਘ, ਲੈਕਚਰਾਰ ਰਚੀਤਾ ਮਹਾਜਨ, ਲੈਕਚਰਾਰ ਦਲਬੀਰ ਚੰਦ, ਫੋਰਮੈਨ ਸਮੇਤ ਹੋਰ ਸਟਾਫ ਮੈਂਬਰ ਵੀ ਹਾਜ਼ਰ ਸਨ।

# ਲੇਖਕਾਂ, ਤਰਕਸ਼ੀਲਾਂ ਤੇ ਸਮਾਜਿਕ ਕਾਰਕੁਨਾਂ ਦੀ ਕੀਤੀ ਜਾ ਰਹੀ ਜ਼ੁਬਾਨਬੰਦੀ ਦਾ ਡਟਵਾਂ ਵਿਰੋਧ

## ਜਨਤਕ ਜਥੇਬੰਦੀਆਂ ਦੀ ਮੀਟਿੰਗ 5 ਫਰਵਰੀ ਨੂੰ ਲੁਧਿਆਣਾ ਵਿਖੇ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਪੰਜਾਬ ਵਿਚ ਤਰਕਸ਼ੀਲ ਆਗੂਆਂ, ਲੇਖਕਾਂ, ਚਿੰਤਕਾਂ ਅਤੇ ਸਮਾਜਿਕ ਕਾਰਕੁਨਾਂ ਵਲੋਂ ਸ਼ੋਸ਼ਲ ਮੀਡੀਆ ਉੱਤੇ ਪ੍ਰਗਟਾਏ ਵਿਗਿਆਨਕ ਵਿਚਾਰਾਂ ਨੂੰ ਲੈ ਕੇ ਕੇਂਦਰ ਦੀ ਫਾਸ਼ੀਵਾਦੀ ਹਕੂਮਤ ਦੀ ਸਰਪ੍ਰਸਤੀ ਹੇਠ ਪਿਛਲੇ ਦਿਨੀਂ ਫ਼ਿਰਕੂ ਸੰਗਠਨਾਂ ਦੇ ਦਬਾਅ ਹੇਠ ਪੰਜਾਬ ਪੁਲਸ ਵੱਲੋਂ ਬਿਨਾਂ ਕਿਸੇ ਜਾਂਚ ਪੜਤਾਲ ਦੇ 22 ਜਨਵਰੀ ਦੇ ਅਯੁੱਧਿਆ ਸਮਾਗਮ ਤੋਂ ਬਾਅਦ ਹੇਠ ਉਤੇ ਪੰਜ ਵਿਅਕਤੀਆਂ 'ਤੇ ਧਾਰਾ 295 ਅਤੇ 295 ਏ ਦੇ ਤਹਿਤ ਕੇਸ ਦਰਜ ਕਰਕੇ ਗ੍ਰਿਫਤਾਰ ਕੀਤੇ ਜਾਣ ਦੀ ਫਾਸ਼ੀਵਾਦੀ ਕਾਰਵਾਈ ਨਾਗਰਿਕਾਂ ਦੇ ਵਿਚਾਰਾਂ ਦੇ ਪ੍ਰਗਟਾਵੇ ਦੀ ਸੰਵਿਧਾਨਿਕ ਆਜ਼ਾਦੀ ਉਤੇ ਸਿੱਧਾ ਹਮਲਾ ਹੈ ਅਤੇ ਇਕ ਤਰਾਂ ਦੀ ਅਣਐਲਾਨੀ ਐਮਰਜੈਂਸੀ ਹੈ। ਕੇਂਦਰ, ਪੰਜਾਬ ਸਰਕਾਰ ਅਤੇ ਫ਼ਿਰਕੂ ਤਾਕਤਾਂ ਵਲੋਂ ਵਿਗਿਆਨਕ ਵਿਚਾਰਾਂ ਅਤੇ ਜਮਹੂਰੀ ਹੱਕਾਂ ਦੇ ਖਿਲਾਫ਼ ਵਿੱਢੇ ਇਨ੍ਹਾਂ ਫ਼ਿਰਕੂ ਹੱਥਕੰਡਿਆਂ ਦਾ ਜਥੇਬੰਦਕ ਪੱਧਰ ਤੇ ਡਟਵਾਂ ਟਾਕਰਾ ਕਰਨ ਅਤੇ ਸਮਾਜ ਵਿਚ ਵਿਗਿਆਨਕ ਚੇਤਨਾ ਅਤੇ ਸਦਭਾਵਨਾ ਦਾ ਮਾਹੌਲ ਯਕੀਨੀ ਬਣਾਉਣ ਲਈ ਜਮਹੂਰੀ ਅਧਿਕਾਰ ਸਭਾ ਪੰਜਾਬ ਅਤੇ ਤਰਕਸ਼ੀਲ ਸੁਸਾਇਟੀ ਪੰਜਾਬ ਵਲੋਂ ਪੰਜਾਬ ਦੀਆਂ ਸਮੂਹ ਲੋਕ ਪੱਖੀ ਜਮਹੂਰੀ, ਅਗਾਂਹਵਧੂ, ਧਰਮ ਨਿਰਪੇਖ ਅਤੇ ਇਨਸਾਫ਼ਪਸੰਦ ਜਨਤਕ ਜਥੇਬੰਦੀਆਂ ਦੀ ਇੱਕ ਸਾਂਝੀ ਮੀਟਿੰਗ 5 ਫਰਵਰੀ, ਸੋਮਵਾਰ ਨੂੰ ਸਵੇਰੇ 11 ਵਜੇ ਬੀਬੀ ਅਮਰ ਕੌਰ ਯਾਦਗਾਰੀ ਹਾਲ ਲੁਧਿਆਣਾ, (ਨੇੜੇ ਆਰਤੀ ਚੌਕ, ਪੁਲ ਦੇ ਹੇਠਾਂ ਪਿੱਲਰ ਨੰਬਰ 50 ਦੇ ਸਾਹਮਣੇ) ਕੀਤੀ ਜਾਵੇਗੀ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਪ੍ਰਧਾਨ ਪ੍ਰੋ. ਜਗਮੋਹਨ ਸਿੰਘ ਅਤੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਜਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ ਨੇ ਦੱਸਿਆ ਕਿ ਕੁਝ ਕੱਟੜ ਫ਼ਿਰਕਾਪ੍ਰਸਤ ਤਾਕਤਾਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਣ ਦੇ ਬਹਾਨੇ ਹੇਠ ਨਾ ਸਿਰਫ ਵਿਅਕਤੀ ਦੇ ਵਿਚਾਰਾਂ ਦੇ ਪ੍ਰਗਟਾਵੇ ਦੀ ਸੰਵਿਧਾਨਿਕ ਆਜ਼ਾਦੀ ਦਾ ਗਲਾ ਘੁੱਟਣਾ ਚਾਹੁੰਦੀਆਂ ਹਨ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਵਿਚਲੀਆਂ ਫ਼ਿਰਕੂ ਤਾਕਤਾਂ 295 ਏ ਨੂੰ ਫ਼ਿਰਕੂ ਹਥਿਆਰ ਦੇ ਤੌਰ ਤੇ ਵਰਤ ਕੇ ਉਨ੍ਹਾਂ ਜਮਹੂਰੀ, ਤਰਕਸ਼ੀਲ ਅਤੇ ਇਨਸਾਫ਼ ਪਸੰਦ ਸੰਸਥਾਵਾਂ ਅਤੇ ਬੁੱਧੀਜੀਵੀਆਂ, ਲੇਖਕਾਂ, ਪੱਤਰਕਾਰਾਂ, ਸਮਾਜਿਕ ਕਾਰਕੁਨਾਂ ਦੀ ਜ਼ੁਬਾਨਬੰਦੀ ਕਰਨਾ ਚਾਹੁੰਦੀਆਂ ਹਨ ਜੋ ਕੇਂਦਰ ਤੇ ਰਾਜ ਸਰਕਾਰਾਂ ਅਤੇ ਹਰ ਤਰਾਂ ਦੇ ਫ਼ਿਰਕੂ ਸੰਗਠਨਾਂ ਦੀਆਂ ਰੂੜੀਵਾਦੀ, ਫ਼ਿਰਕਾਪ੍ਰਸਤ, ਅੰਧ ਵਿਸ਼ਵਾਸੀ, ਸਾਮਰਾਜ ਪੱਖੀ, ਗੈਰ-ਸੰਵਿਧਾਨਕ ਨੀਤੀਆਂ ਅਤੇ ਪੀਐੱਮਐੱਲਏ, ਯੂਏਪੀਏ, ਐਫਸਪਾ ਵਰਗੇ ਲੋਕ ਵਿਰੋਧੀ ਅਤੇ ਜਾਬਰ ਕਾਲੇ ਕਾਨੂੰਨਾਂ ਦਾ ਜਨਤਕ ਪੱਧਰ ਤੇ ਲਗਾਤਾਰ ਡਟਵਾਂ ਵਿਰੋਧ ਕਰਦੀਆਂ ਆ ਰਹੀਆਂ ਹਨ। ਉਨ੍ਹਾਂ ਪੰਜਾਬ ਦੀਆਂ ਸਮੂਹ ਲੋਕ ਪੱਖੀ,ਅਗਾਂਹਵਧੂ ਅਤੇ ਧਰਮ ਨਿਰਪੇਖ ਕਿਸਾਨ, ਮਜ਼ਦੂਰ, ਮੁਲਾਜ਼ਮ, ਲੇਖਕਾਂ, ਬੁੱਧੀਜੀਵੀਆਂ, ਵਕੀਲਾਂ, ਤਰਕਸ਼ੀਲ, ਜਮਹੂਰੀ ਅਧਿਕਾਰਾਂ, ਸਭਿਆਚਾਰਕ, ਇਨਕਲਾਬੀ ਦੇਸ਼ ਭਗਤ, ਰੰਗਕਰਮੀ, ਵਿਦਿਆਰਥੀ, ਨੌਜਵਾਨ, ਪੈਨਸ਼ਨਰਾਂ,ਪੱਤਰਕਾਰਾਂ, ਔਰਤਾਂ, ਅਧਿਆਪਕਾਂ, ਪ੍ਰਕਾਸ਼ਕਾਂ, ਕਲਾਕਾਰਾਂ ਆਦਿ ਨਾਲ ਸੰਬੰਧਿਤ ਜਥੇਬੰਦੀਆਂ ਅਤੇ ਆਗੂਆਂ ਨੂੰ ਸੱਦਾ ਦਿੱਤਾ ਕਿ ਉਹ ਫਿਰਕਾਪ੍ਰਸਤੀ ਤੇ ਹਕੂਮਤੀ ਜਬਰ ਦੇ ਖਿਲਾਫ ਅਤੇ ਆਮ ਲੋਕਾਂ ਦੇ ਮੌਲਿਕ ਅਧਿਕਾਰਾਂ ਦੀ ਰਾਖੀ ਲਈ ਆਪਣੀ ਆਵਾਜ਼ ਬੁਲੰਦ ਕਰਨ ਲਈ ਇਸ ਮੀਟਿੰਗ ਵਿੱਚ ਜਰੂਰ ਸ਼ਾਮਿਲ ਹੋਣ ਤਾਂ ਕਿ ਸਰਕਾਰ ਦੇ ਜ਼ੁਬਾਨਬੰਦੀ ਕਰਨ ਵਾਲੇ ਇਸ ਫਾਸ਼ੀ ਹਮਲੇ ਦਾ ਵਿਸ਼ਾਲ ਜਨਤਕ ਪੱਧਰ ਉੱਤੇ ਟਾਕਰਾ ਕੀਤਾ ਜਾ ਸਕੇ ਅਤੇ ਲੋਕਾਂ ਦੀ ਸਾਂਝ ਨੂੰ ਸੰਨ ਲਾਉਣ ਵਾਲਿਆਂ ਤਾਕਤਾਂ ਦੇ ਮਨਸੂਬਿਆਂ ਨੂੰ ਫਲ ਨਾ ਪੈ ਸਕੇ।

# ਜੇਲ੍ਹ ਵਿਚ ਬੰਦ ਦੋ ਕੈਦੀਆਂ ਪਾਸੋਂ ਨਸ਼ਾ ਬਰਾਮਦ

**ਗੁਰਦਾਸਪੁਰ (ਜਨਕ ਮਹਾਜਨ)**-ਥਾਣਾ ਸਿਟੀ ਗੁਰਦਾਸਪੁਰ ਪੁਲਸ ਨੇ ਨਸ਼ਿਆਂ ਖ਼ਿਲਾਫ਼ ਕਾਰਵਾਈ ਕਰਦਿਆਂ ਜੇਲ ਵਿਚ ਬੰਦ ਕੈਦੀ ਪਾਸੋਂ ਨਸ਼ਾ ਬਰਾਮਦ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ। ਪੁਲਸ ਨੇ ਇਹ ਮਾਮਲਾ ਸੁਪਰਡੈਂਟ ਕੇਂਦਰੀ ਜੇਲ੍ਹ ਗੁਰਦਾਸਪੁਰ ਦਫਤਰ ਦੇ ਪੱਤਰ ਨੰਬਰ 1457-ਮਿਤੀ 30.01.24 ਤਹਿਤ ਦਰਜ ਰਜਿਸਟਰ ਕੀਤਾ ਗਿਆ ਹੈ ਕਿ ਕੈਦੀ ਕੁਲਦੀਪ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਮਲਾਵੇ ਦੀ ਕੋਠੀ ਬਟਾਲਾ ਜੋ ਮੁਕੱਦਮਾ ਨੰਬਰ 38/2008 ਜੁਰਮ 457,380,411 ਭ.ਦ ਥਾਣਾ ਸਿਟੀ ਬਟਾਲਾ ਅਧੀਨ ਕੇਂਦਰੀ ਜੇਲ੍ਹ ਗੁਰਦਾਪੁਰ ਵਿਖੇ ਬੰਦ ਹੈ ਜੋ 30.01.24 ਨੂੰ ਵਕਤ ਸ਼ਾਮ ਕਰੀਬ 5:30 ਵਜੇ ਮਾਨਯੋਗ ਅਦਾਲਤ ਬਟਾਲਾ ਤੋਂ ਤਾਰੀਖ ਪੇਸ਼ੀ ਤੋਂ ਵਾਪਿਸ ਜੇਲ ਅੰਦਰ ਦਾਖਲ ਹੋਇਆ ਤਾਂ ਜੇਲ ਡਿਓਢੀ ਵਿੱਚ ਰੂਟੀਨ ਤਲਾਸ਼ੀ ਦੋਰਾਂਨ ਉਸ ਪਾਸੋਂ 273 ਨਸ਼ੀਲੀਆ ਗੋਲੀਆਂ ਅਤੇ ਕੁਝ ਮਾਤਰਾ ਵਿੱਚ ਤੰਬਾਕੂ ਬ੍ਰਾਮਦ ਹੋਇਆ ਹੈ। ਇਸੇ ਤਰ੍ਹਾਂ ਇਕ ਹੋਰ ਮਾਮਲਾ ਹਵਾਲਾਤੀ ਸੰਦੀਪ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਬਲ ਪੁਰੀਆ ਬਟਾਲਾ ਜੋ ਮੁਕਦਮਾ ਨੰਬਰ 100/2008 ਜੁਰਮ 457, 380, 411, 511 ਥਾਣਾ ਸਦਰ ਬਟਾਲਾ ਅਧੀਨ ਕੇਂਦਰੀ ਜੇਲ ਗੁਰਦਾਪੁਰ ਵਿਖੇ ਬੰਦ ਹੈ ਜੋ 30.01.24 ਨੂੰ ਵੱਕਤ ਕਰੀਬ ਸ਼ਾਮ 5:30 ਵਜੇ ਮਾਨਯੋਗ ਅਦਾਲਤ ਬਟਾਲਾ ਤੋਂ ਤਾਰੀਖ ਪੇਸ਼ੀ ਤੋਂ ਵਾਪਿਸ ਜੇਲ ਅੰਦਰ ਦਾਖਲ ਹੋਇਆ ਤਾਂ ਜੇਲ੍ਹ ਡਿਓਢੀ ਵਿੱਚ ਰੂਟੀਨ ਤਲਾਸ਼ੀ ਦੌਰਾਨ ਹਵਾਲਾਤੀ ਪਾਸੋਂ 134 ਨਸ਼ੀਲੀਆਂ ਗੋਲੀਆਂ ਬ੍ਰਾਮਦ ਹੋਈਆਂ ਹਨ। ਥਾਣਾ ਸਿਟੀ ਗੁਰਦਾਸਪੁਰ ਪੁਲਸ ਨੇ ਐੱਨਡੀਪੀਐੱਸ ਐਕਟ ਤਹਿਤ ਉਕਤ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤ ਹੈ।

# ਸ਼ੈਰੀ ਕਲਸੀ ਨੇ ਪੰਜ ਖੱਡਲ ਵਿਖੇ ਵੱਖ-ਵੱਖ ਵਿਕਾਸ ਕਾਰਜ ਸ਼ੁਰੂ ਕਰਵਾਏ



**ਬਟਾਲਾ (ਡਾ. ਮਲਵਿੰਦਰ ਸਿੰਘ)**-ਵਿਧਾਨ ਸਭਾ ਹਲਕਾ ਬਟਾਲਾ ਦੇ ਨੌਜਵਾਨ ਤੇ ਅਗਾਂਹਵਧੂ ਸੋਚ ਰੱਖਣ ਵਾਲੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵੱਲੋਂ ਹਲਕੇ ਅੰਦਰ ਪਾਰਦਰਸ਼ੀ ਢੰਗ ਨਾਲ ਵਿਕਾਸ ਕੰਮ ਕਰਵਾਏ ਜਾ ਰਹੇ ਹਨ। ਉਨ੍ਹਾਂ ਵਲੋਂ ਕੀਤੇ ਜਾ ਰਹੇ ਵਿਕਾਸ ਕੰਮਾਂ ਦੀ ਲੜੀ ਤਹਿਤ ਪਿੰਡ ਪੰਜ ਖੱਡਲ ਵਿਖੇ ਗੰਦੇ ਪਾਣੀ ਦੀ ਨਿਕਾਸੀ ਲਈ ਸੀਵਰੇਜ ਪਾਉਣ ਅਤੇ ਗਲੀਆਂ-ਨਾਲੀਆਂ ਬਣਾਉਣ ਦੀ ਸ਼ੁਰੂਆਤ ਕਰਵਾਈ ਗਈ। ਇਸ ਮੌਕੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਮੌਜੂਦ ਸਨ। ਵਿਧਾਇਕ ਨੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਨਾਂ ਵਲੋਂ ਲਗਾਤਾਰ ਪਿੰਡਾਂ ਅੰਦਰ ਵੱਖ-ਵੱਖ ਪਿੰਡਾਂ ਦਾ ਦੌਰਾ ਕਰਕੇ ਲੋਕਾਂ ਦੀਆਂ ਮੁਸ਼ਕਿਲਾਂ ਸੁਣੀਆਂ ਜਾ ਰਹੀਆਂ ਹਨ ਅਤੇ ਉਨ੍ਹਾਂ ਮੁਸ਼ਕਿਲਾਂ ਨੂੰ ਸਬੰਧਤ ਵਿਭਾਗਾਂ ਰਾਹੀਂ ਹੱਲ ਕਰਵਾਇਆ ਜਾ ਰਿਹਾ ਹੈ। ਉਨਾਂ ਕਿਹਾ ਕਿ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ ਅਤੇ ਲੋਕਾਂ ਦੇ ਸਹਿਯੋਗ ਨਾਲ ਪਿੰਡਾਂ ਦੀ ਵਿਕਾਸ ਪੱਖੋ ਨੁਹਾਰ ਬਦਲੀ ਜਾਵੇਗੀ। ਉਨ੍ਹਾਂ ਕਿਹਾ ਕਿ ਵੱਖ-ਵੱਖ ਪਿੰਡਾਂ ਵਿੱਚ ਗੰਦੇ ਪਾਣੀ ਦੀ ਨਿਕਾਸੀ ਲਈ ਸੀਵਰੇਜ ਪਾਏ ਜਾ ਰਹੇ ਹਨ, ਨੌਜਵਾਨਾਂ ਦੇ ਖੇਡਣ ਲਈ ਖੇਡ ਸਟੇਡੀਅਮ ਉਸਾਰੇ ਜਾ ਰਹੇ ਹਨ, ਥਾਪਰ ਮਾਡਲ ਤਹਿਤ ਛੱਪੜਾਂ ਦਾ ਨਵੀਨੀਕਰਨ ਕੀਤਾ ਜਾ ਰਿਹਾ ਹੈ, ਸੁੰਦਰ ਪਾਰਕਾਂ ਦੀ ਉਸਾਰੀ ਕਰਵਾਈ ਜਾ ਰਹੀ ਹੈ, ਸਟੀਰਟ ਲਾਈਟਸ ਲਗਾਈਆਂ ਜਾ ਰਹੀਆਂ ਹਨ ਸਮੇਤ ਵੱਖ-ਵੱਖ ਵਿਕਾਸ ਕਾਰਜ ਕੀਤੇ ਗਏ ਹਨ ਅਤੇ ਵੱਖ-ਵੱਖ ਵਿਕਾਸ ਕਾਰਜ ਪ੍ਰਗਤੀ ਅਧੀਨ ਹਨ।

# ਸ਼੍ਰੋਮਣੀ ਅਕਾਲੀ ਦਲ ਅਜਨਾਲਾ ਦੇ ਸੀਨੀਅਰ ਆਗੂਆਂ ਦੀ ਅਹਿਮ ਮੀਟਿੰਗ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਅਜਨਾਲਾ ਦੇ ਗੁਰਦੁਆਰਾ ਸ਼ਹੀਦਾ ਵਾਲ਼ਾ ਖੂਹ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਅਜਨਾਲਾ ਦੇ ਸੀਨੀਅਰ ਆਗੂਆਂ ਦੀ ਇੱਕ ਮੀਟਿੰਗ ਹਲਕਾ ਇੰਚਾਰਜ ਸ਼੍ਰੋਮਣੀ ਅਕਾਲੀ ਦਲ ਜੋਧ ਸਿੰਘ ਸਮਰਾ ਦੀ ਪ੍ਰਧਾਨਗੀ ਵਿੱਚ ਹੋਈ, ਜਿਸ ਵਿੱਚ ਪੰਜਾਬ ਬਚਾਓ ਯਾਤਰਾ ਨੂੰ ਲੈ ਕੇ ਵਿਚਾਰ ਚਰਚਾ ਕੀਤੀ ਗਈ। ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਜੋਧ ਸਿੰਘ ਸਮਰਾ ਨੇ ਹਲਕਾ ਅਜਨਾਲਾ ਦੇ ਸਮੂਹ ਲੋਕਾਂ ਨੂੰ ਬੇਨਤੀ ਕੀਤੀ ਕਿ ਇਸ ਪ੍ਰੋਗਰਾਮ ਵਿੱਚ ਵੱਧ-ਚੜ੍ਹ ਕੇ ਹਿੱਸਾ ਲਵੋ ਤਾਂ ਕਿ ਜੋ ਪੰਜਾਬ ਦੇ ਵਿੱਚ ਮੌਜੂਦਾ ਸਰਕਾਰ ਵੱਲੋਂ ਬਹੁਤ ਮਾੜੀ ਸਥਿਤੀ ਪੈਦਾ ਕਰ ਦਿੱਤੀ ਗਈ ਹੈ ਉਸ ਦਾ ਵਿਰੋਧ ਸਰਕਾਰ ਤੱਕ ਪਹੁੰਚਾਇਆ ਜਾ ਸਕੇ। ਉਨ੍ਹਾਂ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਬਹੁਤ ਸੂਝਵਾਨ ਅਤੇ ਪੰਜਾਬ ਦੇ ਹਿਤੂ ਆਗੂ ਹਨ ਅਤੇ ਜਦੋਂ ਵੀ ਸਰਕਾਰ ਸ਼੍ਰੋਮਣੀ ਅਕਾਲੀ ਦਲ ਦੀ ਆਈ ਹੈ ਤਦ ਤਦ ਗਰੀਬਾਂ ਅਤੇ ਲੋੜਵੰਦਾਂ ਦੀ ਸਹੂਲਤਾਂ ਦੇ ਲਈ ਬਹੁਤ ਸਾਰੀਆਂ ਸਰਕਾਰੀ ਸਕੀਮਾਂ ਚਾਲੂ ਕੀਤੀਆਂ ਗਈਆਂ ਜਿਸ ਨਾਲ ਹਰ ਤਬਕੇ ਨੇ ਰਾਹਤ ਮਹਿਸੂਸ ਕੀਤੀ ਸੀ ਅਤੇ ਅੱਜ ਸਰਕਾਰ ਆਪਣੇ ਆਕਾਵਾਂ ਨੂੰ ਖੁਸ਼ ਕਰਨ ਦੇ ਵਿੱਚ ਲੱਗੀ ਹੋਈ ਹੈ। ਅਮਨ ਕਾਨੂੰਨ ਦੀ ਸਥਿਤੀ ਬਹੁਤ ਵਿਗੜ ਚੁੱਕੀ ਹੈ ਜਿਸ ਕਰਕੇ ਪੂਰੇ ਪੰਜਾਬ ਵਿੱਚ ਰੋਜ਼ ਕਤਲ ਅਤੇ ਹੋਰ ਡਕੈਤੀਆਂ ਦੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ। ਇਸ ਮੌਕੇ ਵਲੈਤ ਮਸੀਹ ਬੰਟੀ ਸੀਨੀਅਰ ਅਕਾਲੀ ਆਗੂ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੌਜੂਦਾ ਸਰਕਾਰ ਨੇ ਅੱਜ ਤੱਕ ਕਿਸੇ ਵੀ ਭਾਈਚਾਰੇ ਨੂੰ ਸੁੱਖ ਸਹੂਲਤ ਨਹੀਂ ਦਿੱਤੀ ਸਗੋਂ ਜਿਹੜੀਆਂ ਸਹੂਲਤਾਂ ਸ਼੍ਰੋਮਣੀ ਅਕਾਲੀ ਦਲ ਨੇ ਸ਼ੁਰੂ ਕੀਤੀਆਂ ਸਨ ਉਹ ਵੀ ਬੰਦ ਕਰ ਦਿੱਤੀਆਂ ਹਨ। ਅੱਜ ਮੈਂ ਪੰਜਾਬ ਦੇ ਵਾਸੀਆਂ ਨੂੰ ਬੇਨਤੀ ਕਰਦਾ ਹਾਂ ਕਿ ਪੰਜਾਬ ਦੇ ਹਿੱਤਾਂ ਦੀ ਰਾਖੀ ਸਿਰਫ ਇੱਕੋ ਇੱਕ ਪਾਰਟੀ ਕਰ ਸਕਦੀ ਹੈ ਅਤੇ ਉਹ ਹੈ ਸ਼੍ਰੋਮਣੀ ਅਕਾਲੀ ਦਲ ਜਿਸ ਦੀ ਪ੍ਰਧਾਨਗੀ ਬਹੁਤ ਹੀ ਨੇਕ ਦਿਲ ਅਤੇ ਗਰੀਬਾਂ ਦੇ ਵਿੱਚ ਵਿਚਰਨ ਵਾਲੇ ਅਤੇ ਹਰ ਭਾਈਚਾਰੇ ਦਾ ਦੁੱਖ ਦਰਦ ਸਮਝਣ ਵਾਲੇ ਸੁਖਬੀਰ ਸਿੰਘ ਬਾਦਲ ਸਾਬਕਾ ਉਪ ਮੁੱਖ ਮੰਤਰੀ ਪੰਜਾਬ ਹਨ। ਉਸੇ ਪਾਰਟੀ ਤੋਂ ਹੀ ਸਾਨੂੰ ਆਸਾਂ ਹਨ। ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਜਿਤਾ ਕੇ ਪੰਜਾਬ ਵਿੱਚ ਉਹੀ ਸਮਾਂ ਵਾਪਸ ਲੈ ਕੇ ਆਈਏ ਜਿਸ ਸਮੇਂ ਦੇ ਵਿੱਚ ਪੰਜਾਬ ਦੇ ਲੋਕਾਂ ਨੇ ਬਹੁਤ ਸੁਖ ਹੰਢਾਇਆ ਅਤੇ ਪੰਜਾਬ ਦੇ ਵਿੱਚ ਵਿਕਾਸ ਦੀ ਇੱਕ ਬੜੀ ਵੱਡੀ ਹਨੇਰੀ ਆਈ ਸੀ ਜਿਸ ਤੋਂ ਹਰ ਵਰਗ ਖੁਸ਼ ਸੀ। ਇਸ ਮੌਕੇ ਅਜਨਾਲਾ ਸ਼ਹਿਰ ਦੇ ਸਾਬਕਾ ਕਮੇਟੀ ਪ੍ਰਧਾਨ ਜੋਰਾਵਰ ਸਿੰਘ ਅਜਨਾਲਾ, ਮੁਖਤਾਰ ਸਿੰਘ ਸੂਫੀਆਂ, ਜਥੇਦਾਰ ਅਮਰੀਕ ਸਿੰਘ ਵਿਸ਼ੋਵਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸਰਪੰਚ ਦਲਬੀਰ ਸਿੰਘ ਅਤੇ ਹੋਰ ਬਹੁਤ ਲਾਰੇ ਸੀਨੀਅਰ ਆਗੂ ਮੌਜੂਦ ਸਨ ਜਿਨ੍ਹਾਂ ਨੇ ਦੋ ਤਰੀਕ ਦੇ ਪੰਜਾਬ ਬਚਾਓ ਯਾਤਰਾ ਦੇ ਵਿੱਚ ਆਪੋ ਆਪਣਾ ਯੋਗਦਾਨ ਪਾਉਣ ਦੀ ਗੱਲ ਕਹੀ ਅਤੇ ਇਸ ਪ੍ਰੋਗਰਾਮ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਦੇ ਲਈ ਵੀ ਉਨ੍ਹਾਂ ਨੇ ਆਪਣੇ ਵਿਚਾਰ ਰੱਖੇ।


ਨਵਾਂ ਜ਼ਮਾਨਾ
ਸ਼ੁੱਕਰਵਾਰ, 2 ਫਰਵਰੀ 2024

# ਅੰਨ੍ਹਾ ਤਸ਼ੱਦਦ

*ਦਿੱਲੀ ਦੀ ਪਟਿਆਲਾ ਕੋਰਟ ਵਿਚ ਐਡੀਸ਼ਨਲ ਸੈਸ਼ਨ ਜੱਜ ਹਰਦੀਪ ਕੌਰ ਦੇ ਅੱਗੇ ਇਕ ਦਿਲ ਦਹਿਲਾ ਦੇਣ ਵਾਲੀ ਰਿਪੋਰਟ ਪੇਸ਼ ਕੀਤੀ ਗਈ ਹੈ, ਜਿਸ ਦਾ ਨਾਤਾ ਪਿਛਲੇ ਸਾਲ ਸੰਸਦ ਵਿਚ ਦਾਖਲ ਹੋਏ ਨੌਜਵਾਨਾਂ ਨਾਲ ਹੈ। ਯੂ ਏ ਪੀ ਏ ਤਹਿਤ ਹਿਰਾਸਤ ਵਿਚ ਰੱਖੇ ਜਾ ਰਹੇ ਇਨ੍ਹਾਂ ਮੁਲਜ਼ਮਾਂ ਨੇ ਕੋਰਟ ਨੂੰ ਸੂਚਿਤ ਕੀਤਾ ਹੈ ਕਿ ਉਨ੍ਹਾਂ ਨੂੰ ਇਹ ਮਨਾਉਣ ਲਈ ਬਿਜਲੀ ਦੇ ਝਟਕੇ ਦੇਣ ਸਮੇਤ ਵੱਖ-ਵੱਖ ਤਰ੍ਹਾਂ ਦੇ ਤਸੀਹੇ ਦਿੱਤੇ ਗਏ ਕਿ ਉਨ੍ਹਾਂ ਇਹ ਹਰਕਤ ਆਪੋਜ਼ੀਸ਼ਨ ਪਾਰਟੀਆਂ ਦੇ ਕਹਿਣ 'ਤੇ ਕੀਤੀ ਸੀ। ਕਰੀਬ 70 ਕੋਰੇ ਕਾਗਜ਼ਾਂ 'ਤੇ ਧੱਕੇ ਨਾਲ ਦਸਤਖਤ ਕਰਵਾਏ ਗਏ। ਕੁੱਲ 6 ਵਿੱਚੋਂ 5 ਮੁਲਜ਼ਮਾਂ ਸਾਗਰ ਸ਼ਰਮਾ, ਮਨੋਰੰਜਨ ਡੀ, ਲਲਿਤ ਝਾਅ, ਮਹੇਸ਼ ਕੁਮਾਵਤ ਤੇ ਅਮੋਲ ਸ਼ਿੰਦੇ ਨੇ ਆਪਣੀ ਅਰਜ਼ੀ ਵਿਚ ਕਿਹਾ ਹੈ ਕਿ ਉਨ੍ਹਾਂ ਨੂੰ ਆਪਣੇ ਸੋਸ਼ਲ ਮੀਡੀਆ ਸਾਈਟਸ ਅਕਾਊਂਟਸ, ਈ-ਮੇਲ ਤੇ ਫੋਨ ਦੇ ਪਾਸਵਰਡ ਦੇਣ ਲਈ ਵੀ ਮਜਬੂਰ ਕੀਤਾ ਗਿਆ। ਪੋਲੀਗ੍ਰਾਫ ਟੈਸਟ ਕਰਨ ਵਾਲੇ ਅਧਿਕਾਰੀਆਂ ਨੇ ਦੋ ਮੁਲਜ਼ਮਾਂ 'ਤੇ ਸਿਆਸੀ ਪਾਰਟੀ ਜਾਂ ਲੀਡਰ ਦੀ ਇਸ ਮਾਮਲੇ ਵਿਚ ਸ਼ਮੂਲੀਅਤ ਲਈ ਨਾਂਅ ਲੈਣ ਦਾ ਦਬਾਅ ਪਾਇਆ।*

*ਪਿਛਲੇ ਸਾਲ 13 ਦਸੰਬਰ ਨੂੰ ਸੰਸਦ ਦੇ ਸਰਦ ਰੁੱਤ ਅਜਲਾਸ ਦੌਰਾਨ ਇਹ ਘਟਨਾ ਹੋਈ ਸੀ, ਜਿਸ ਨੂੰ ਸੁਰੱਖਿਆ ਵਿਚ ਗੰਭੀਰ ਚੂਕ ਦਾ ਮਾਮਲਾ ਮੰਨਿਆ ਗਿਆ ਸੀ। ਉਦੋਂ ਪੁਲਸ ਨੇ ਕਿਹਾ ਸੀ ਕਿ ਮੁਢਲੀ ਜਾਂਚ ਵਿਚ ਪਤਾ ਲੱਗਾ ਹੈ ਕਿ ਨੀਲਮ ਤੇ ਅਮੋਲ, ਜਿਹੜੇ ਸੰਸਦ ਦੇ ਬਾਹਰ ਫੜੇ ਗਏ ਸਨ, ਕੋਲ ਮੋਬਾਇਲ ਫੋਨ ਨਹੀਂ ਸੀ। ਕੋਈ ਬੈਗ ਜਾਂ ਪਛਾਣ ਪੱਤਰ ਵੀ ਨਹੀਂ ਸੀ। ਉਨ੍ਹਾ ਦਾ ਕਹਿਣਾ ਹੈ ਕਿ ਉਹ ਖੁਦ ਸੰਸਦ ਪੁੱਜੇ ਤੇ ਉਨ੍ਹਾਂ ਦਾ ਕਿਸੇ ਜਥੇਬੰਦੀ ਨਾਲ ਸੰਬੰਧ ਨਹੀਂ। ਉਸ ਦਿਨ ਦੋ ਨੌਜਵਾਨ ਦਰਸ਼ਕ ਗੈਲਰੀ ਤੋਂ ਲੋਕ ਸਭਾ ਦੀਆਂ ਬੈਂਚਾਂ 'ਤੇ ਕੁੱਦੇ ਸਨ ਤੇ ਉਨ੍ਹਾਂ ਰੰਗੀਨ ਧੂੰਆਂ ਛੱਡਿਆ ਸੀ। ਇਨ੍ਹਾਂ ਨੂੰ ਵੀ ਫੜ ਲਿਆ ਗਿਆ ਸੀ। ਦੋ ਹੋਰ ਵੀ ਫੜੇ ਗਏ ਸਨ। ਇਹ ਬੇਰੁਜ਼ਗਾਰੀ ਤੇ ਸਰਕਾਰੀ ਦਮਨ ਖਿਲਾਫ ਲੋਕਾਂ ਦਾ ਧਿਆਨ ਖਿੱਚਣਾ ਚਾਹੁੰਦੇ ਸਨ। ਦੇਸ਼ ਵਿਚ ਬੇਰੁਜ਼ਗਾਰੀ ਦਾ ਆਲਮ ਇਹ ਹੈ ਕਿ ਬਿਹਾਰ ਤੋਂ ਲੈ ਕੇ ਦਿੱਲੀ ਦੀਆਂ ਸੜਕਾਂ ਤੱਕ ਲੱਖਾਂ ਨੌਜਵਾਨ ਪ੍ਰਦਰਸ਼ਨ ਕਰ ਰਹੇ ਹਨ। ਮੁਲਜ਼ਮਾਂ ਦੇ ਫੋਨ ਤੇ ਸੋਸ਼ਲ ਮੀਡੀਆ ਸਾਈਟਸ ਨੂੰ ਪੁਲਸ ਕਿੰਨੀ ਵਾਰ ਖੰਗਾਲ ਚੁੱਕੀ ਹੈ ਤੇ ਬਿਨਾਂ ਨਾਂਅ ਦੱਸੇ ਅਧਿਕਾਰੀ ਜਾਣਕਾਰੀਆਂ ਜਨਤਕ ਵੀ ਕਰਦੇ ਆ ਰਹੇ ਹਨ। ਹਫਤਾ ਪਹਿਲਾਂ ਵੀ ਦਿੱਲੀ ਪੁਲਸ ਨੇ ਕਿਹਾ ਸੀ ਕਿ ਸਾਰੇ ਮੁਲਜ਼ਮ ਮਸ਼ਹੂਰ ਹੋਣ ਲਈ ਕੁਝ ਵੱਡਾ ਕਰਨਾ ਚਾਹੁੰਦੇ ਸਨ। ਇਨ੍ਹਾਂ ਤੋਂ ਇਲਾਵਾ ਪੁਲਸ ਨੂੰ ਪੜਤਾਲ ਵਿਚ ਕੁਝ ਵੀ ਨਹੀਂ ਲੱਭਾ । ਅਜਿਹੇ ਵਿਚ ਸਵਾਲ ਉਠਦਾ ਹੈ ਕਿ ਜਦ ਸਭ ਸ਼ੀਸ਼ੇ ਵਾਂਗ ਸਾਫ ਹੈ ਤਾਂ ਫਿਰ ਨਾਰਕੋ ਟੈਸਟ ਜਾਂ ਦਬਾਅ ਪਾ ਕੇ ਆਪੋਜ਼ੀਸ਼ਨ ਪਾਰਟੀ ਜਾਂ ਆਗੂ ਦਾ ਨਾਂਅ ਕਬੂਲ ਕਰਾਉਣ ਲਈ ਕਿਉਂ ਮਜਬੂਰ ਕੀਤਾ ਜਾ ਰਿਹਾ ਹੈ। ਜਿਸ ਭਾਜਪਾ ਸਾਂਸਦ ਦੇ ਪਾਸ 'ਤੇ ਨੌਜਵਾਨ ਸੰਸਦ ਵਿਚ ਦਾਖਲ ਹੋਏ ਸਨ, ਉਸ ਖਿਲਾਫ ਅਜੇ ਤੱਕ ਕੋਈ ਕਾਰਵਾਈ ਨਹੀਂ ਹੋਈ, ਪਰ ਆਪਣੀ ਪੀੜਾ ਲੋਕਾਂ ਨੂੰ ਦੱਸਣ ਦੀ ਕੋਸ਼ਿਸ਼ ਕਰਨ ਵਾਲੇ ਨੌਜਵਾਨਾਂ ਨੂੰ ਅਣਮਨੁੱਖੀ ਤਸੀਹੇ ਦਿੱਤੇ ਜਾ ਰਹੇ ਹਨ।*

# ਪੈਨਸ਼ਨ ਕਿਉਂ ਨਹੀਂ ਸਭ ਦੀ ਟੈਨਸ਼ਨ ?



ਸੁੱਚਾ ਸਿੰਘ ਖੱਟੜਾ

ਪੈਨਸ਼ਨ ਬੁਢਾਪੇ ਵਿੱਚ ਬੇਫਿਕਰੀ ਦਾ ਨਾਂਅ ਹੈ, ਹੋਂਦ-ਹੈਸੀਅਤ ਦਾ ਅਧਾਰ ਹੈ। ਸਮਾਜ ਲਈ ਜੀਵਨ ਭਰ ਕੁਝ ਕੀਤੇ ਲਈ ਮਾਨਤਾ ਹੈ, ਦੇਸ਼ ਦੇ ਨਾਗਰਿਕ ਵਜੋਂ ਮਿਲਣ ਵਾਲਾ ਹਿੱਸਾ ਹੈ। ਅਣਖ ਨਾਲ ਜਿਉਣ ਦੀ ਸ਼ਰਤ ਹੈ, ਤੁਹਾਡੇ ਸੁਚੇਤ ਨਾਗਰਿਕ ਹੋਣ ਦਾ ਪ੍ਰਮਾਣ ਹੈ। ਪੈਨਸ਼ਨ ਬੁਢਾਪਾ ਆਉਣ ਤੱਕ ਹਰ ਰੋਜ਼ ਬੁਢਾਪਾ ਯਾਦ ਕਰਦੇ ਰਹਿਣ ਦੇ ਮਾਨਸਿਕ ਤਣਾਅ ਤੋਂ ਛੁਟਕਾਰਾ ਹੈ। ਪੈਨਸ਼ਨ ਦੀ ਗਾਰੰਟੀ ਤੁਹਾਡੀ ਕੰਮ ਕਰਨ ਦੀ ਸਮਰੱਥਾ ਵਧਾਉਂਦੀ ਹੈ (ਜੇ ਕਰਨਾ ਹੋਵੇ) ਜੇਕਰ ਬੁਢਾਪੇ ਵਿੱਚ ਜਾ ਕੇ ਪੈਨਸ਼ਨ ਨਹੀਂ ਤਾਂ ਅਸੀਂ ਕੀ ਹਾਂ ਅਤੇ ਸਰਕਾਰ ਸਾਨੂੰ ਕੀ ਸਮਝਦੀ ਹੈ, ਇਸ ਲਈ ਮੇਰੇ ਪਾਸ ਕੋਈ ਸ਼ਬਦ ਨਹੀਂ।

ਕੁਝ ਦਿਨ ਪਹਿਲਾਂ ਜ਼ਮੀਨ ਸੰਬੰਧੀ ਕਿਸੇ ਦੀ ਸਮੱਸਿਆ ਦੇ ਸੰਬੰਧ ਵਿੱਚ ਪਟਵਾਰਖਾਨੇ ਜਾਣ ਦਾ ਸਬੱਬ ਬਣਿਆ। ਮੇਰੇ ਪਿੰਡ ਦਾ ਪਟਵਾਰੀ ਹਾਲੇ ਆਇਆ ਹੀ ਸੀ। ਉਸ ਵੱਲੋਂ ਕਮਰੇ ਦਾ ਜੰਦਰਾ ਖੋਲ੍ਹਦਿਆਂ ਤੱਕ ਮੈਂ ਉਸ ਕੋਲ ਜਾ ਖੜਾ। ਉਸ ਨੂੰ ਬੁਲਾਉਣ ਲਈ ਮੇਰਾ ਵਾਕ ਸੀ, 'ਬਦਕਿਸਮਤ ਬੇਟਾ ਕਿਵੇਂ ਹਾਲ ਹੈ ?' ਮੇਰਾ ਵਾਕ ਸੁਣ ਕੇ ਉਸ ਨੇ ਮੇਰੇ ਵੱਲ ਵੇਖਿਆ, ਉੱਤਰ ਨਹੀਂ ਦਿੱਤਾ, ਕੁਰਸੀ ਉੱਤੇ ਬੈਠਦਿਆਂ ਮੈਨੂੰ ਬੈਠਣ ਲਈ ਇਸ਼ਾਰਾ ਕਰਕੇ ਕੰਮ ਪੁੱਛਿਆ। "ਬਦਕਿਸਮਤ" ਸ਼ਬਦ ਉੱਤੇ ਉਹ ਕੌੜ ਖਾ ਗਿਆ ਸੀ। ਮੈਂ ਬੈਠਦਿਆਂ ਸਾਰ ਉਸ ਨੂੰ ਆਪਣਾ ਨਾਂਅ ਦੱਸਦਿਆਂ ਉਸ ਨੂੰ ਕਿਹਾ ਕਿ ਉਸ ਨੂੰ ਬੇਟਾ ਸ਼ਬਦ ਮੈਂ ਆਪਣੀ ਉਮਰ ਅਨੁਸਾਰ ਕਿਹਾ ਅਤੇ ਬਦਕਿਸਮਤ ਸ਼ਬਦ ਇਸ ਲਈ ਕਿਹਾ ਕਿ ਜਦੋਂ ਹਰ ਮਹੀਨੇ ਦੇ ਅੰਤ ਵਿੱਚ ਮੈਨੂੰ ਮੇਰੇ ਮੋਬਾਇਲ ਉੱਤੇ ਮੇਰੇ ਬੈਂਕ ਖਾਤੇ ਵਿੱਚ ਮੇਰੀ ਪੈਨਸ਼ਨ ਆ ਜਾਣ ਦਾ ਸੁਨੇਹਾ ਆਉਂਦਾ ਹੈ ਤਾਂ ਮੈਨੂੰ ਜ਼ਰਾ ਵੀ ਖੁਸ਼ੀ ਨਹੀਂ ਹੁੰਦੀ। ਕਿਉਂਕਿ ਮੈਨੂੰ ਉਸ ਵਰਗੇ ਦੇਸ਼ ਵਿੱਚ ਕਰੋੜਾਂ ਦਿਸਣ ਲੱਗ ਜਾਂਦੇ ਹਨ, ਜਿਨ੍ਹਾਂ ਨੂੰ ਸੇਵਾ-ਮੁਕਤੀ ਉਪਰੰਤ ਅਜਿਹੇ ਸੁਨੇਹੇ ਨਹੀਂ ਆਉਣੇ। ਉਂਝ ਉਹ ਮੇਰਾ ਨਾਂਅ ਸੁਣਦਿਆਂ ਬਹੁਤਾ ਸ਼ਾਂਤ ਹੋ ਗਿਆ ਸੀ, ਪਰ ਪੂਰੀ ਗਲ ਸੁਣ ਕੇ ਇੱਕ ਵਾਰ ਉਸ ਨੂੰ ਬੁਢਾਪਾ ਯਾਦ ਆ ਗਿਆ ਲੱਗਿਆ। ਉਸ ਨੇ ਰਿਕਾਰਡ ਵੇਖ ਕੇ ਕੰਮ ਕਰ ਦਿੱਤਾ। ਇਹ ਆਰਟੀਕਲ ਉਸ ਜਿਹੇ ਬਦਕਿਸਮਤਾਂ ਨੂੰ ਕੇਂਦਰ ਵਿੱਚ ਰੱਖ ਕੇ ਲਿਖਣ ਦੀ ਕੋਸ਼ਿਸ਼ ਹੈ।

ਸੰਵਿਧਾਨ ਦੀ ਭਾਵਨਾ ਅਨੁਸਾਰ ਸੜਕ ਕਿਨਾਰੇ ਜੁੱਤੀਆਂ ਮੁਰੰਮਤ ਕਰਨ ਵਾਲਾ, ਹਜ਼ਾਮਤ ਕਰਨ ਵਾਲਾ, ਹੋਕੇ ਲਗਾ ਕੇ ਸਬਜ਼ੀ, ਫਲ ਵੇਚਣ ਵਾਲਾ, ਕਿਸਾਨ, ਦਿਹਾੜੀ ਕਰਨ ਵਾਲਾ, ਘਰਾਂ ਦੀ ਸਾਂਭ-ਸੰਭਾਲ ਕਰਦੀਆਂ ਘਰੇਲੂ ਔਰਤਾਂ ਵਾਂਗ ਹੀ ਘਰਾਂ ਦੀ ਸਾਫ਼ ਸਫ਼ਾਈ ਕਰਦੀਆਂ ਔਰਤਾਂ , ਗੱਲ ਕੀ, ਹਰ ਭਾਰਤ ਵਾਸੀ ਗੁਜ਼ਾਰੇ ਯੋਗ ਪੈਨਸ਼ਨ ਦਾ ਹੱਕਦਾਰ ਹੈ। ਸਰਕਾਰੀ ਕਰਮਚਾਰੀਆਂ ਨੂੰ ਹੀ ਬੁਢਾਪਾ ਨਹੀਂ ਆਉਣਾ, ਇਹ ਤਾਂ ਸਭ ਨੂੰ ਆਏਗਾ।

ਪੈਨਸ਼ਨ ਦਾ ਮੁੱਦਾ ਫਿਲਹਾਲ ਪੁਰਾਣੀ ਪੈਨਸ਼ਨ ਸਕੀਮ ਅਤੇ ਨਵੀਂ ਪੈਨਸ਼ਨ ਸਕੀਮ ਦੇ ਬਿਰਤਾਂਤ ਤੱਕ ਸੀਮਤ ਹੈ। ਨਵੀਂ ਪੈਨਸ਼ਨ ਸਕੀਮ ਦਾ ਤੋਹਫ਼ਾ ਦੇਸ਼ ਵਿੱਚ ਅਟਲ ਬਿਹਾਰੀ ਵਾਜਪਾਈ ਦੀ ਭਾਜਪਾ ਸਰਕਾਰ ਨੇ ਕੇਂਦਰੀ ਸਰਕਾਰ ਦੇ ਮੁਲਾਜ਼ਮਾਂ ਲਈ ਦਿੱਤਾ ਸੀ, ਪਰ ਇਸ ਤੋਹਫ਼ੇ ਦੀ ਘਾੜਤ 1991-92 ਵਿੱਚ ਡਾ. ਮਨਮੋਹਨ ਸਿੰਘ ਨੇ ਆਪਣੀਆਂ ਉਨ੍ਹਾਂ ਆਰਥਿਕ ਨੀਤੀਆਂ ਵਿੱਚ ਦੇ ਦਿੱਤੀ ਸੀ, ਜਿਨ੍ਹਾਂ ਨੂੰ ਸੇਵਾਵਾਂ ਦੇ ਸੈਕਟਰ ਵਿੱਚ "ਸੁਧਾਰਾਂ" ਵਜੋਂ ਪੇਸ਼ ਕੀਤਾ ਸੀ ਅਤੇ ਇਨ੍ਹਾਂ ਆਰਥਿਕ ਸੁਧਾਰਾਂ ਦੇ ਸੋਹਲੇ ਸਰਮਾਏਦਾਰੀ ਦੇ ਚਾਕਰ ਅਰਥ ਸ਼ਾਸਤਰੀਆਂ ਨੇ ਅਖਬਾਰਾਂ ਵਿੱਚ, ਟੀ ਵੀ ਚੈਨਲਾਂ ਉੱਤੇ ਜੀ ਭਰ ਕੇ ਗਾਏ। ਅੱਜ ਵੀ ਗਾ ਰਹੇ ਹਨ। ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਦੀ ਜਦੋਂ ਵੀ ਚਰਚਾ ਚੱਲਦੀ ਹੈ ਤਾਂ ਇਹ ਲੋਕ ਇਸ ਨੂੰ ਅਸੰਭਵ ਸਾਬਤ ਕਰਨ ਲਈ ਪੂਰਾ ਤਾਣ ਲਗਾਉਂਦੇ ਦਿਸਦੇ ਹਨ। ਇੱਕ ਸਧਾਰਨ ਪ੍ਰਸ਼ਨ ਦਾ ਇਨ੍ਹਾਂ ਕੋਲ ਕੋਈ ਉੱਤਰ ਨਹੀਂ ਕਿ ਜਦੋਂ ਦੇਸ਼ ਕੋਲ ਸਾਧਨਾ ਦੀ ਕਮੀ ਸੀ, ਪੰਜ ਸਾਲਾ ਯੋਜਨਾਵਾਂ ਅਧੀਨ ਦੇਸ਼ ਵਿੱਚ ਮੁਢਲਾ ਢਾਂਚਾ ਉਸਾਰਨ, ਸਰਕਾਰੀ ਸੈਕਟਰ ਅਧੀਨ ਕਾਰਖਾਨੇ ਲੱਗਣ ਉਤੇ ਸਿਹਤ ਸੇਵਾਵਾਂ, ਸਿੱਖਿਆ ਸੰਸਥਾਵਾਂ, ਸਕੂਲਾਂ ਤੋਂ ਖੋਜ ਕੇਂਦਰਾਂ ਤੱਕ ਵਿਸਥਾਰ ਕਰਨ ਦਾ ਖਜ਼ਾਨੇ ਉਤੇ ਬੋਝ ਵਧ ਰਿਹਾ ਸੀ, ਜੇਕਰ ਉਦੋਂ ਪੁਰਾਣੀ ਪੈਨਸ਼ਨ ਸਕੀਮ ਬੋਝ ਨਹੀਂ ਸੀ ਤਾਂ ਅੱਜ ਜਦੋਂ ਦੇਸ਼ ਵਿੱਚ ਦੁਨੀਆ ਦੇ ਸਭ ਤੋਂ ਅਮੀਰਾਂ ਵਿੱਚ ਭਾਰਤੀ ਸ਼ਾਮਲ ਹੋਣ ਤੱਕ ਤਰੱਕੀ ਕਰ ਗਏ ਹਨ, ਸਾਲਾਨਾ ਬੱਜਟ ਕਿੰਨੇ ਹੀ ਗੁਣਾ ਵਧ ਚੁੱਕੇ ਹਨ, ਦੇਸ਼ ਦੀ ਆਰਥਿਕਤਾ ਦੁਨੀਆ ਦੀ ਪੰਜਵੀਂ ਆਰਥਿਕਤਾ ਬਣ ਗਈ ਹੈ, ਤੀਜੀ ਬਣਨ ਜਾ ਰਹੀ ਹੈ, ਫਿਰ ਪੁਰਾਣੀ ਪੈਨਸ਼ਨ ਸਕੀਮ ਕਿਉਂ ਨਹੀਂ ?

ਮੁਲਾਜ਼ਮਾਂ ਦੀ ਨਵੀਂ ਪੀੜ੍ਹੀ ਕਿਉਂਕਿ ਬੇਰੁਜ਼ਗਾਰੀ ਦੀ ਝੰਬੀ ਹੋਈ ਰੁਜ਼ਗਾਰ ਤੱਕ ਪਹੁੰਚੀ ਹੈ। ਇਸ ਪੀੜ੍ਹੀ ਲਈ ਨਵੀਆਂ ਆਰਥਿਕ ਨੀਤੀਆਂ ਦੀ ਦਿਸ਼ਾ, ਪ੍ਰਾਥਮਿਕਤਾਵਾਂ ਅਤੇ ਇਨ੍ਹਾਂ ਪਿੱਛੇ ਕੰਮ ਕਰਦੇ ਕਾਰਨਾਂ ਦੀ ਨਿਸ਼ਾਨਦੇਹੀ ਹੀ ਕਾਰਕਾ ਹਾਲੇ ਸੰਭਵ ਨਹੀਂ। ਨਵੀਆਂ ਆਰਥਿਕ ਨੀਤੀਆਂ ਵਿੱਚ ਨਿੱਜੀਕਰਨ, ਉਦਾਰੀਕਰਨ ਅਤੇ ਸੰਸਾਰੀਕਰਨ ਦੇ ਤਿੰਨ ਮੂਲ ਮੰਤਰ ਸਨ। ਇਹ ਉਤਪਾਦਨ ਦੇ ਖੇਤਰ ਕਾਰਖਾਨੇ, ਖਣਿਜ ਪਦਾਰਥਾਂ, ਊਰਜਾ, ਵਪਾਰ ਤੱਕ ਸੀਮਤ ਨਹੀਂ ਸਨ। ਇਨ੍ਹਾਂ ਨੇ ਸੇਵਾਵਾਂ; ਸਿੱਖਿਆ, ਸਿਹਤ, ਸੰਚਾਰ, ਪ੍ਰਸ਼ਾਸਨਕ ਵਿਭਾਗ, ਸੁਰੱਖਿਆ ਆਦਿ ਕੇਂਦਰ ਅਤੇ ਸਟੇਟਾਂ ਦੇ ਸਭ ਵਿਭਾਗਾਂ ਨੂੰ ਆਪਣੀ ਵਲਗਣ ਵਿੱਚ ਲੈ ਲਿਆ ਹੈ। ਇਨ੍ਹਾਂ ਨੀਤੀਆਂ ਦਾ ਸਿੱਟਾ ਹੈ ਕਿ ਸਰਕਾਰੀ ਰੋਜ਼ਗਾਰ ਅਵੱਲ ਤਾਂ ਨਿੱਜੀ ਸੈਕਟਰ ਨੂੰ ਦੇ ਦਿੱਤੇ ਹਨ, ਜਿੱਥੇ ਭਰਤੀ ਸਰਕਾਰੀ ਵੀ ਹੈ, ਉਥੇ ਨਿਯੁਕਤੀਆਂ ਗਰੇਡਾਂ ਵਿੱਚ ਜ਼ਰੂਰ ਹਨ, ਪਰ ਤਨਖ਼ਾਹ ਕਮਿਸ਼ਨ ਅਤੇ ਮਹਿੰਗਾਈ ਭੱਤਾ ਦੋਨੋਂ ਲਾਭ ਦਮ ਤੋੜਦੇ ਨਜ਼ਰ ਆ ਰਹੇ ਹਨ। ਵਿਭਾਗਾਂ ਦੇ ਪਸਾਰ ਉੱਤੇ ਬ੍ਰੇਕਾਂ ਹਨ, ਮੁਲਾਜ਼ਮਾਂ ਦੀ ਗਿਣਤੀ ਘਟਾਈ ਜਾ ਰਹੀ ਹੈ। ਮੁਲਾਜ਼ਮਾਂ ਦੀ ਸਿਆਸੀ ਅਤੇ ਆਰਥਿਕ ਮੁੱਦਿਆਂ ਉੱਤੇ ਅਗਿਆਨਤਾ ਤੋਂ ਉਪਜੀ ਉਦਾਸੀਨਤਾ ਹੀ ਸੀ ਕਿ 1991-92 ਤੋਂ ਬਾਅਦ 2004 ਤੱਕ ਜਦੋਂ ਕੋਈ ਆਗੂ ਮੀਟਿੰਗਾਂ, ਇਕੱਠਾਂ ਜਾਂ ਅਖ਼ਬਾਰਾਂ ਵਿੱਚ ਆਉਣ ਵਾਲੇ ਸਮਿਆਂ ਵਿੱਚ ਨਿਯੁਕਤੀਆਂ ਦੇ ਪੈਟਰਨ ਬਦਲਣ ਅਤੇ ਪੈਨਸ਼ਨਰੀ ਲਾਭ ਬੰਦ ਹੋਣ ਦੀ ਗੱਲ ਕਰਦੇ ਸਨ ਤਾਂ ਇਨ੍ਹਾਂ ਭਵਿੱਖਬਾਣੀਆਂ ਨੂੰ ਕਮਿਊਨਿਸਟ ਪ੍ਰਾਪੇਗੰਡਾ ਅਤੇ ਨਿਗੂਣਾ ਕਹਿ ਕੇ ਅਸਵੀਕਾਰ ਕਰ ਦਿੱਤਾ ਜਾਂਦਾ ਸੀ। ਅਟਲ ਬਿਹਾਰੀ ਵਾਜਪਾਈ ਦੀ ਭਾਜਪਾ ਸਰਕਾਰ ਨੇ ਜਦੋਂ ਨਵੀਂ ਪੈਨਸ਼ਨ ਸਕੀਮ ਲਿਆਂਦੀ ਤਾਂ ਹੀ ਮੱਥਾ ਠਣਕਿਆ।

ਕਾਂਗਰਸ ਸਰਕਾਰ 2004 ਵਿੱਚ ਹੀ ਕੇਂਦਰ ਵਿੱਚ ਆ ਗਈ ਸੀ, ਪਰ ਇਸ ਸਰਕਾਰ ਦਾ ਪੈਨਸ਼ਨ ਦੇ ਮੁੱਦੇ ਉੱਤੇ ਭਾਜਪਾ ਨਾਲ ਉੱਕਾ ਹੀ ਕੋਈ ਮੱਤਭੇਦ ਨਹੀਂ ਸੀ। ਨਤੀਜੇ ਵਜੋਂ ਕਾਂਗਰਸ ਨੇ ਨਵੀਂ ਪੈਨਸ਼ਨ ਸਕੀਮ ਨੂੰ ਪੱਕੇ ਪੈਰੀਂ ਕੀਤਾ। ਪੁਰਾਣੀ ਪੈਨਸ਼ਨ ਸਕੀਮ ਪਹਿਲੀ ਵਾਰ ਆਮ ਆਦਮੀ ਪਾਰਟੀ ਨੇ ਪੰਜਾਬ ਪ੍ਰਾਂਤ ਵਿੱਚ 2022 ਦੀਆਂ ਅਸੰਬਲੀ ਚੋਣਾਂ ਵਿੱਚ ਇੱਕ ਮੁੱਦੇ ਵਜੋਂ ਲਿਆਂਦੀ ਅਤੇ ਜਿੱਤਣ ਉਪਰੰਤ ਇਸ ਨੂੰ ਆਪਣੇ ਵੱਲੋਂ ਲਾਗੂ ਕਰਕੇ ਮਸਲਾ ਪੀ ਐੱਫ ਆਰ ਡੀ ਏ ਨਾਲ ਨੂੜ ਦਿੱਤਾ ਕਿ ਮੁਲਾਜ਼ਮਾਂ ਦੇ ਖਾਤੇ ਵਿੱਚ ਉਸ ਦੀ ਜਮ੍ਹਾਂ ਰਾਸ਼ੀ ਸੂਬੇ ਨੂੰ ਮਿਲਣ ਉਪਰੰਤ ਹੀ ਪੁਰਾਣੀ ਪੈਨਸ਼ਨ ਸਕੀਮ ਲਾਗੂ ਹੋ ਸਕਣੀ ਹੈ। ਇਹ ਸੰਸਥਾ ਕੇਂਦਰ ਅਧੀਨ ਹੈ। ਬਿਨਾਂ ਸ਼ੱਕ ਕਾਂਗਰਸ ਪਾਰਟੀ ਨੇ ਵੀ ਇਸ ਨੂੰ ਚੋਣ ਮੁੱਦਾ ਬਣਾ ਕੇ ਹਿਮਾਚਲ, ਕਰਨਾਟਕ ਅਤੇ ਤਿਲੰਗਾਨਾ ਵਿੱਚ ਜਿੱਤਾਂ ਪ੍ਰਾਪਤ ਕੀਤੀਆਂ ਹਨ। ਹਿਮਾਚਲ ਸਰਕਾਰ ਨੇ ਪੈਨਸ਼ਨ ਵਾਅਦਾ ਲਾਗੂ ਵੀ ਕਰ ਦਿੱਤਾ। ਪ੍ਰਾਵੀਡੈਂਟ ਫੰਡ ਰੈਗੂਲੇਟਰੀ ਡਿਵੈਲਪਮੈਂਟ ਅਥਾਰਟੀ (ਪੀ ਐੱਫ਼ ਆਰ ਡੀ ਏ) ਨਾਲ ਨਹੀਂ ਜੋੜਿਆ। ਪੰਜਾਬ ਸਰਕਾਰ ਨੂੰ ਪੁੱਛਣਾ ਬਣਦਾ ਹੈ।

ਪੈਨਸ਼ਨ ਮੁੱਦੇ ਨਾਲ ਜੁੜੇ ਸਭਨਾਂ ਨੂੰ ਦਸਣਾ ਜ਼ਰੂਰੀ ਹੈ ਕਿ ਵਾਜਪਾਈ ਸਰਕਾਰ ਨੇ 2003 ਦੇ ਆਖੀਰ ਵਿੱਚ ਆਰਡੀਨੈਂਸ ਜਾਰੀ ਕੀਤਾ, ਜੋ ਪਹਿਲੀ ਜਨਵਰੀ 2004 ਤੋਂ ਲਾਗੂ ਹੋਣਾ ਸੀ। ਪੰਜਾਬ ਵਿੱਚ ਅਮਰਿੰਦਰ ਸਰਕਾਰ ਨੇ ਨਵੀਂ ਪੈਨਸ਼ਨ ਸਕੀਮ ਲਾਗੂ ਕਰ ਦਿੱਤੀ। ਪੱਛਮੀ ਬੰਗਾਲ ਵਿੱਚ ਕਮਿਊਨਿਸਟਾਂ ਦੀ ਸਰਕਾਰ ਸੀ, ਉਸ ਸਰਕਾਰ ਨੇ ਨਵੀਂ ਪੈਨਸ਼ਨ ਲਾਗੂ ਨਹੀਂ ਕੀਤੀ। 2011 ਵਿੱਚ ਮਮਤਾ ਬੈਨਰਜੀ ਦੀ ਟੀ ਐੱਮ ਸੀ ਸਰਕਾਰ ਨੇ ਕੋਸ਼ਿਸ਼ ਕੀਤੀ ਸੀ, ਪਰ ਮੁਲਾਜ਼ਮ ਏਕਤਾ ਦੇ ਵਿਰੋਧ ਕਾਰਨ ਉਹ ਪਿੱਛੇ ਹੀ ਨਹੀਂ ਹਟੀ, ਮੁੜ ਕੇ ਨਾਂਅ ਵੀ ਨਹੀਂ ਲੈ ਸਕੀ। ਕੇਰਲ ਦੀ ਕਮਿਊਨਿਸਟ ਸਰਕਾਰ ਅੱਜ ਵੀ ਪੁਰਾਣੀ ਪੈਨਸ਼ਨ ਦੇ ਰਹੀ ਹੈ।

ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਵਿੱਚ ਪਹਿਲੀ ਕਮਜ਼ੋਰੀ ਨਵੀਂ ਪੈਨਸ਼ਨ ਪੀੜਤਾਂ ਦੇ ਸੰਘਰਸ਼ ਵਿੱਚ ਜੁਝਾਰੂ ਸ਼ਿਰਕਤ ਦੀ ਘਾਟ ਹੈ। ਵਟਸਐਪ ਨਾਲ ਜਿੱਤ ਨਹੀਂ ਮਿਲਣੀ। ਫੰਡ ਦੇਣਾ ਵੀ ਕੇਵਲ ਜ਼ਿੰਮੇਵਾਰੀ ਨਹੀਂ, ਸਿਆਸੀ ਸੂਝ ਦੀ ਕਮੀ ਦੀ ਭਰਪਾਈ ਕਿਧਰੋ ਨਹੀਂ ਹੋਣੀ। ਲੀਡਰਸ਼ਿਪ ਸਰਕਾਰ ਨੂੰ ਹਾਲੇ ਟੇਬਲ ਉੱਤੇ ਅਤੇ ਜਨਤਾ ਵਿੱਚ ਨਿਰਉੱਤਰ ਕਰਦੀ ਦਿਸੀ ਨਹੀਂ। ਪੁਰਾਣੀ ਪੈਨਸ਼ਨ ਲੈ ਰਹੇ ਸੇਵਾ-ਮੁਕਤ ਮੁਲਾਜ਼ਮਾਂ ਦੀ ਸ਼ਮੂਲੀਅਤ ਦਾ ਲਾਭ ਤਾਂ ਹੀ ਮਿਲੇਗਾ, ਜੇਕਰ ਪੀੜਤਾਂ ਦੀ ਗਿਣਤੀ ਉਨ੍ਹਾਂ ਤੋਂ ਵੱਧ ਹੋਵੇ। ਫਿਲਹਾਲ ਤਾਂ ਪੁਰਾਣੀ ਪੈਨਸ਼ਨ ਲੈ ਰਹੇ ਸੇਵਾ ਮੁਕਤ ਇਨ੍ਹਾਂ ਇਕੱਠਾ ਵਿੱਚ ਵੱਡੀ ਗਿਣਤੀ ਵਿੱਚ ਦਿੱਸਦੇ ਹਨ।

ਹੁਣ ਕੀ ਕਰਨਾ ਲੋੜੀਏ ਭਾਜਪਾ ਨੇ ਛਤੀਸਗੜ੍ਹ, ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿੱਚ ਚੋਣਾਂ ਜਿੱਤ ਕੇ ਐਲਾਨ ਕੀਤਾ ਕਿ ਪੁਰਾਣੀ ਪੈਨਸ਼ਨ ਸਕੀਮ ਬਹਾਲ ਨਹੀਂ ਹੋਵੇਗੀ। ਉਂਝ ਵੀ ਭਾਰਤੀ ਜਨਤਾ ਪਾਰਟੀ ਦੀਆਂ ਹੋਰ ਨੀਤੀਆਂ ਨਹੀਂ ਸਮਝਣੀਆਂ ਤਾਂ ਘੱਟੋ-ਘੱਟ ਆਰਥਿਕ ਨੀਤੀਆਂ ਤਾਂ ਸਮਝਣੀਆਂ ਹੀ ਪੈਣੀਆਂ ਹਨ। ਪੁਰਾਣੀ ਪੈਨਸ਼ਨ ਬਹਾਲੀ ਲਈ ਲੜਦਿਆਂ ਦੀ ਲੜਾਈ ਕੇਵਲ ਸੜਕਾਂ ਉਤੇ ਲੜ ਕੇ ਸਫ਼ਲ ਨਹੀਂ ਹੋਣੀ। ਇਸ ਪਾਰਟੀ ਨੇ ਲਾਭਪਾਤਰੀਆਂ ਦਾ ਵੱਡਾ ਵੋਟਰ ਵਰਗ ਖੜਾ ਕਰ ਰੱਖਿਆ ਹੈ। ਇਸ ਲਈ ਸੰਘਰਸ਼ ਨਵੇਂ ਰਣ ਖੇਤਰਾਂ ਤੱਕ ਲਿਜਾਣਾ ਪੈਣਾ ਹੈ। ਇਸ ਪਾਰਟੀ ਨੂੰ ਚੋਣਾਂ ਵਿੱਚ ਹਰਾਉਣ ਨਾਲ ਹੀ ਪੀ ਐੱਫ ਆਰ ਡੀ ਏ ਦਾ ਅੜਿੱਕਾ ਦੂਰ ਹੋਵੇਗਾ। ਸੰਘਰਸ਼ ਦਾ ਅਗਲਾ ਰਣ ਖੇਤਰ ਹੁਣ ਲੋਕ ਸਭਾ ਚੋਣ ਦੰਗਲ ਹੈ।

ਵਟਸਐਪ ਭਾਜਪਾ ਨੂੰ ਹਰਾਉਣ ਲਈ ਹੁਣ ਵਰਤਣਾ ਚਾਹੀਦਾ ਹੈ। ਆਪਣੀਆਂ-ਆਪਣੀਆਂ ਕੰਮ ਥਾਵਾਂ, ਦਫ਼ਤਰਾਂ, ਇਕੱਠਾਂ ਵਿੱਚ ਸਿਆਸੀ ਚਰਚਾਵਾਂ ਕਰੋ। ਸਿਆਸਤ ਪ੍ਰਤੀ ਸਾਡੀ ਉਦਾਸੀਨਤਾ ਅਤੇ ਸਾਡੀ ਅਗਿਆਨਤਾ ਦੋਵਾਂ ਦਾ ਸਿੱਟਾ ਹੈ, ਜੋ ਅਸੀਂ ਭੋਗ ਰਹੇ ਹਾਂ ਅਤੇ ਆਪਣੀ ਔਲਾਦ ਲਈ ਵਿਰਸੇ ਵਿੱਚ ਦੇ ਕੇ ਜਾ ਰਹੇ ਹਾਂ। ਕਿਤਾਬਾਂ, ਅਖ਼ਬਾਰਾਂ ਪੜ੍ਹੋ। ਤੁਹਾਡਾ ਗਿਆਨ ਤੁਹਾਡੀ ਲੜਾਈ ਨੂੰ ਦਿਸ਼ਾਹੀਣ ਨਹੀਂ ਹੋਣ ਦੇਵੇਗਾ। ਆਪਣੀ ਡਿਊਟੀ ਇਮਾਨਦਾਰੀ ਨਾਲ ਨਿਭਾਉਂਦਿਆਂ ਚੁਗਿਰਦੇ ਵਿੱਚ ਸਤਿਕਾਰ ਅਤੇ ਪੁੱਛ ਪ੍ਰਤੀਤ ਵਧਾਉਂਦਾ ਹੈ। ਉਸ ਚੁਗਿਰਦੇ ਨੂੰ ਪ੍ਰਭਾਵਤ ਕੀਤਾ ਜਾ ਸਕਦਾ ਹੈ। ਪੁਰਾਣੀ ਪੈਨਸ਼ਨ ਬਹਾਲੀ ਨਿਰੋਲ ਆਰਥਿਕ ਮੁੱਦਾ ਨਹੀਂ, ਰਾਜਨੀਤਕ ਆਰਥਿਕਤਾ ਦਾ ਮੁੱਦਾ ਹੈ। ਜਦੋਂ ਤੱਕ ਆਰਥਿਕਤਾ ਦੀ ਲਗਾਮ ਇਸ ਰਾਜਨੀਤੀ ਕੋਲ ਹੈ, ਉਦੋਂ ਤੱਕ ਜਿੱਤ ਅਸੰਭਵ ਹੈ। ਚੋਟ ਸਹੀ ਥਾਂ ਸਹੀ ਢੰਗ ਨਾਲ ਲਗਾਓ।

ਪੁਰਾਣੀ ਪੈਨਸ਼ਨ ਸਕੀਮ ਪ੍ਰਾਪਤੀ ਉਪਰੰਤ ਇਹਦੀ ਪ੍ਰਾਪਤੀ ਲਈ ਟੈਨਸ਼ਨ ਜਾਂ ਸਿਰਦਰਦੀ ਸਰਕਾਰਾਂ ਲਈ ਵੀ ਪੈਦਾ ਕਰਕੇ ਰੱਖਣੀ ਹੈ, ਇਹ ਦੇਸ਼ ਦੇ ਹਰ ਨਾਗਰਿਕ ਅੰਦਰ ਵੀ ਪੈਦਾ ਕਰਨੀ ਹੈ। ਕਿਉਂਕਿ ਸਮਾਜ ਰੂਪੀ ਦੇਸ਼ ਹਰ ਇੱਕ ਨਾਗਰਿਕ ਦੇ ਯੋਗਦਾਨ ਨਾਲ ਚਲਦਾ ਹੈ। ਅਨੇਕਾਂ ਛੋਟੇ-ਵੱਡੇ ਪ੍ਰਾਈਵੇਟ ਅਦਾਰੇ ਚਲਾਉਣ ਵਾਲੇ ਅਦਾਰੇ, ਸਕੂਲ, ਹਸਪਤਾਲ, ਪ੍ਰਿੰਟ ਅਤੇ ਬਿਜਲਈ ਮੀਡੀਆ ਅਦਾਰੇ, ਟ੍ਰਾਂਸਪੋਰਟ ਅਦਾਰੇ, ਵਿਉਪਾਰਕ ਅਦਾਰੇ ਗੱਲ ਕੀ ਹਰ ਨਾਗਰਿਕ ਗੁਜ਼ਾਰੇਯੋਗ ਪੈਨਸ਼ਨ ਦਾ ਹੱਕਦਾਰ ਹੈ। ਇਨ੍ਹਾਂ ਸਭ ਲਈ ਪੈਨਸ਼ਨ ਦਾ ਮੁੱਦਾ ਕਿਸੇ ਨਾ ਕਿਸੇ ਦਿਨ ਅਵੱਸ਼ ਇਨ੍ਹਾਂ ਸਭ ਦੀ ਟੈਨਸ਼ਨ ਬਣੇਗਾ।

ਫਿਲਹਾਲ ਪੁਰਾਣੀ ਪੈਨਸ਼ਨ ਬਹਾਲੀ ਦੇ ਜੁਝਾਰੂਆਂ ਲਈ ਉਤਸ਼ਾਹ ਦੇਣ ਵਾਲੀ ਜਾਣਕਾਰੀ ਹੈ ਕਿ ਕਿਸਾਨ ਮੋਰਚਾ ਅਤੇ ਕੇਂਦਰੀ ਟਰੇਡ ਯੂਨੀਅਨਾਂ ਦੇ ਸਾਂਝੇ ਪਲੇਟਫਾਰਮ ਵੱਲੋਂ ਵੀ ਪੁਰਾਣੀ ਪੈਨਸ਼ਨ ਬਹਾਲੀ ਨੂੰ ਇੱਕ ਮੰਗ ਵਜੋਂ ਸ਼ਾਮਲ ਕਰ ਲਿਆ ਗਿਆ ਹੈ। ਇਸ ਸਾਂਝੇ ਮੋਰਚੇ ਦੇ ਐਕਸ਼ਨਾਂ ਨੂੰ ਸਫ਼ਲ ਬਣਾਉਣ ਲਈ ਇਸ ਦੀ ਸਹਾਇਤਾ ਅਤੇ ਇਸ ਵਿੱਚ ਸ਼ਮੂਲੀਅਤ ਦੇ ਰਸਤੇ ਨਵੀਂ ਪੈਨਸ਼ਨ ਪੀੜਤਾਂ ਨੇ ਹੀ ਸੋਚਣੇ ਹਨ। 2004 ਤੋਂ ਪਹਿਲਾਂ ਤੋਂ ਚਲਦੀਆਂ ਜਥੇਬੰਦੀਆਂ ਤੇ ਆਗੂਆਂ ਨੂੰ ਕਹਿਣ ਦੀ ਲੋੜ ਨਹੀਂ ਕਿ ਪੁਰਾਣੀ ਪੈਨਸ਼ਨ ਬਹਾਲੀ ਉਪਰੰਤ ਅੱਜ ਦੇ ਇਨ੍ਹਾਂ ਪੀੜਤਾਂ ਨੇ ਕੱਲ ਦੇ ਆਗੂ ਬਣਨਾ ਹੈ ਇਸ ਲਈ ਇਨ੍ਹਾਂ ਦੇ ਹਰ ਕਦਮ ਹਰ ਮੋੜ ਹਰ ਸਥਿਤੀ ਵਿੱਚ ਇਨ੍ਹਾਂ ਦਾ ਸਹਿਯੋਗ ਪਾਉਣਾ ਜਾਰੀ ਰੱਖਣਾ ਚਾਹੀਦਾ ਹੈ।

# ਸੰਪਰਕ : 94176-52947

# ਲੋਕ 'ਰਾਮ ਰਾਜ' ਛੱਡ ਕੇ ਮੌਤ ਦੇ ਮੂੰਹ ਇਜ਼ਰਾਈਲ ਜਾਣ ਲਈ ਕਿਉਂ ਮਜਬੂਰ ?



ਸੁਰਜੀਤ ਸਿੰਘ

ਵੋਟ ਦੀ ਰਾਜਨੀਤੀ ਦੇ ਚੱਲਦਿਆਂ ਭਾਰਤੀ ਜਨਤਾ ਪਾਰਟੀ ਨੇ ਅਯੁੱਧਿਆ ਵਿਚ ਨਿਰਮਾਣ ਅਧੀਨ ਰਾਮ ਮੰਦਰ ਵਿਚ 22 ਜਨਵਰੀ ਨੂੰ ਭਗਵਾਨ ਸ੍ਰੀ ਰਾਮ ਚੰਦਰ ਜੀ ਦੀਆਂ ਮੂਰਤੀਆਂ ਦੀ ਪ੍ਰਾਣ ਪ੍ਰਤਿਸ਼ਠਾ ਕਰਕੇ ਦੇਸ਼-ਵਿਦੇਸ਼ ਵਿਚ ਵਸਦੇ ਹਿੰਦੂ ਭਾਈਚਾਰੇ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਆਪਣੇ ਧਰਮ ਦੇ ਕੱਟੜ ਲੋਕ ਅਯੁੱਧਿਆ ਵਿਚ ਹੋਈ ਪ੍ਰਾਣ ਪ੍ਰਤਿਸ਼ਠਾ ਤੋਂ ਐਨੇ ਕੁ ਜਜ਼ਬਾਤੀ ਹੋ ਗਏ ਕਿ ਕਰੀਬ 500 ਸਾਲ ਬਾਅਦ ਸ੍ਰੀ ਰਾਮ ਲੱਲਾ ਜੀ ਨੇ ਜਦੋਂ ਆਪਣੇ ਆਲੀਸ਼ਾਨ ਮਹਿਲਨੁਮਾ ਮੰਦਰ ਵਿਚ ਪ੍ਰਵੇਸ਼ ਕੀਤਾ ਤਾਂ ਭਗਤਾਂ ਦੀਆਂ ਅੱਖਾਂ ਵਿੱਚੋਂ ਖੁਸ਼ੀ ਦੇ ਅੱਥਰੂ ਆਪ-ਮੁਹਾਰੇ ਵਹਿ ਰਹੇ ਸਨ। ਉਹਨਾਂ ਦੀ ਖੁਸ਼ੀ ਸਮੁੰਦਰੋਂ ਡੂੰਘੀ ਜਾਪ ਰਹੀ ਸੀ। ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਰਾਮ ਮੰਦਰ ਵਿਚ ਮੂਰਤੀਆਂ ਦੀ ਪ੍ਰਾਣ ਪ੍ਰਤਿਸ਼ਠਾ ਕਰਕੇ ਲੋਕਾਂ ਦੇ ਜਜ਼ਬਾਤਾਂ ਨਾਲ ਖੇਡ ਕੇ ਭਾਜਪਾ ਅਤੇ ਉਸ ਦੇ ਲੀਡਰ ਅੰਦਰੋਂ ਇਸ ਗੱਲ 'ਤੇ ਸੰਤੁਸ਼ਟ ਜਾਪੇ ਕਿ ਉਹ ਲੋਕਾਂ ਦੀਆਂ ਬੁਨਿਆਦੀ ਜ਼ਰੂਰਤਾਂ ਜਿਹਨਾਂ ਵਿਚ ਮੁੱਖ ਤੌਰ 'ਤੇ ਸਿਹਤ, ਸਿੱਖਿਆ ਅਤੇ ਰੋਜ਼ਗਾਰ ਮੁਹੱਈਆ ਕਰਾਉਣ ਵਿਚ ਬੇਸ਼ੱਕ ਅਸਫਲ ਰਹੇ ਹੋਣ, ਪਰ ਉਹਨਾਂ ਭਾਰਤ ਅਤੇ ਵਿਦੇਸ਼ਾਂ ਵਿਚ ਵੱਸਦੇ ਹਿੰਦੂ ਭਾਈਚਾਰੇ ਨੂੰ ਰਾਮ ਮੰਦਰ ਦਾ ਤੋਹਫਾ ਦੇ ਕੇ ਖੁਸ਼ ਕਰ ਦਿੱਤਾ। ਬਹੁਤੇ ਲੋਕ ਇਸ ਗੱਲ 'ਤੇ ਖੁਸ ਹਨ ਕਿ ਮੰਦਰ ਸਿਰਫ ਤੇ ਸਿਰਫ ਭਾਜਪਾ ਹੀ ਬਣਾ ਸਕਦੀ ਸੀ ਅਤੇ ਉਸ ਨੇ ਬਣਾ ਵੀ ਦਿੱਤਾ। ਅਜਿਹਾ ਕਰਕੇ ਭਾਜਪਾ ਨੇ ਸੰਸਦੀ ਚੋਣਾਂ ਤੋਂ ਪਹਿਲਾਂ 'ਇੰਡੀਆ' ਅਲਾਇੰਸ ਨੂੰ ਪਟਖਣੀ ਦੇਣ ਦੀ ਕੋਸ਼ਿਸ਼ ਕੀਤੀ ਹੈ। ਜਦੋਂ 22 ਜਨਵਰੀ ਨੂੰ ਮੰਦਰ ਵਿਚ ਪ੍ਰਾਣ ਪ੍ਰਤਿਸ਼ਠਾ ਦਾ ਪ੍ਰੋਗਰਾਮ ਲਾਈਵ ਚੱਲ ਰਿਹਾ ਸੀ ਤਾਂ ਵਿਰੋਧੀ ਸਿਆਸੀ ਪਾਰਟੀਆਂ ਆਪੋ-ਆਪਣੇ ਸਿਆਸੀ ਸਿਧਾਂਤ ਛੱਡ ਕੇ ਇਸ ਵਹਿਣ ਵਿਚ ਵਹਿਣ ਤੋਂ ਪਿੱਛੇ ਇਸ ਕਰਕੇ ਨਾ ਰਹੀਆਂ ਕਿ ਕਿਧਰੇ ਉਹ ਮੁੱਖ ਲੋਕਧਾਰਾ ਤੋਂ ਹਾਸ਼ੀਏ 'ਤੇ ਨਾ ਆ ਜਾਣ। ਭਾਰਤੀ ਜਨਤਾ ਪਾਰਟੀ ਨੇ ਰਾਮ ਮੰਦਰ ਦਾ ਮੁੱਦਾ ਲੈ ਕੇ ਆਪਣਾ ਮਨੋਰਥ ਤਾਂ ਪੂਰਾ ਕਰ ਲਿਆ, ਪਰ ਜੋ ਲੋਕਾਂ ਦੇ ਬੁਨਿਆਦੀ ਮਸਲੇ ਹਨ, ਉਹ ਸਵਾਲ ਤਾਂ ਅਜੇ ਵੀ ਮੂੰਹ ਅੱਡੀ ਖੜੇ ਹਨ। ਕੀ ਰਾਮ ਮੰਦਰ ਬਣਨ ਨਾਲ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਸਿਹਤ, ਸਿੱਖਿਆ ਅਤੇ ਰੋਜ਼ਗਾਰ ਮਿਲ ਜਾਣਗੇ ? ਕੀ ਦੇਸ਼ ਵਿਚ ਫਿਰਕਾਪ੍ਰਸਤ ਸਿਆਸਤ ਦੇਸ਼ ਨੂੰ ਤੋੜਨ ਅਤੇ ਖੇਤਰਵਾਦ ਨੂੰ ਹੱਲਾਸ਼ੇਰੀ ਦੇਣ ਦਾ ਕੰਮ ਨਹੀਂ ਕਰੇਗੀ ? ਮੱਧ ਪੂਰਬ ਵਿਚ ਇਜ਼ਰਾਈਲ ਬੇਕਸੂਰ ਫਲਸਤੀਨੀਆਂ 'ਤੇ ਕਹਿਰ ਢਾਹ ਰਿਹਾ ਹੈ। ਅਸਮਾਨ ਤੋਂ ਵਰ੍ਹਦੇ ਬੰਬ ਮੌਤ ਦਾ ਨੰਗਾ ਨਾਚ ਕਰ ਰਹੇ ਹਨ। ਉੱਧਰ ਅੱਤਵਾਦੀ ਸੰਗਠਨ ਹਮਾਸ, ਹਿਜਬੁੱਲਾ ਅਤੇ ਹੂਤੀ ਅੱਤਵਾਦੀ ਵੀ ਕੋਈ ਘੱਟ ਨਹੀਂ ਗੁਜ਼ਾਰ ਰਹੇ। ਅਜਿਹੇ ਵਿਚ ਸਰਬ ਨਾਸ ਦੋਵੇਂ ਪਾਸੇ ਹੋ ਰਿਹਾ ਹੈ। ਇਜ਼ਰਾਈਲ ਵਿਚ ਵੀ ਘੱਟ ਤਬਾਹੀ ਨਹੀਂ ਹੋ ਰਹੀ। ਤਬਾਹ ਹੋਏ ਇਜ਼ਰਾਈਲ ਦੀ ਮੁੜ ਉਸਾਰੀ ਲਈ ਇਜ਼ਰਾਈਲ ਨੇ ਭਾਰਤ ਤੋਂ ਸਕਿੱਲ ਵਰਕਰਜ਼ ਦੀ ਮੰਗ ਕੀਤੀ ਹੈ। ਅਖਬਾਰਾਂ ਵਿਚ ਛਪੇ ਇਸ਼ਤਿਹਾਰਾਂ ਨੂੰ ਪੜ੍ਹ ਕੇ ਲੇਬਰ ਜਮਾਤ ਮੌਤ ਦੇ ਮੂੰਹ ਇਜ਼ਰਾਈਲ ਜਾਣ ਲਈ ਵਹੀਰਾਂ ਘੱਤ ਕੇ ਤਿਆਰ ਹੋ ਗਈ ਹੈ। ਨੌਜਵਾਨ ਮੁੰਡੇ ਜੋ 'ਰਾਮ ਰਾਜ' ਵਿਚ ਰੋਜ਼ਗਾਰ ਤੋਂ ਵਾਂਝੇ ਹਨ, ਉਹ ਆਪਣੇ ਪਰਵਾਰਾਂ ਨੂੰ ਛੱਡ ਜਾਨ ਹਥੇਲੀ 'ਤੇ ਧਰ ਇਜ਼ਰਾਈਲ ਜਾਣ ਲਈ ਤਿਆਰ ਹੋ ਰਹੇ ਹਨ। ਹਾਲੀਆ ਸਮੇਂ ਵਿਚ ਉੱਤਰ ਪ੍ਰਦੇਸ਼ ਤੋਂ ਕਰੀਬ ਦਸ ਹਜ਼ਾਰ ਲੇਬਰ ਨੂੰ ਸਰਕਾਰੀ ਖਰਚੇ 'ਤੇ ਇਜ਼ਰਾਈਲ ਭੇਜੇ ਜਾਣ ਦੀ ਤਿਆਰੀ ਹੈ। ਯੋਗੀ ਆਦਿੱਤਿਆ ਨਾਥ ਦੇ ਰਾਜ ਵਿਚ ਜਿੱਥੇ ਤਾਜ਼ਾ ਤਾਜ਼ਾ 'ਰਾਮ ਰਾਜ' ਆਇਆ ਹੈ, ਉਹ ਇਹਨਾਂ ਲੋਕਾਂ ਨੂੰ ਆਪਣੇ ਸੂਬੇ ਵਿਚ ਰੋਜ਼ਗਾਰ ਨਹੀਂ ਦੇ ਸਕੀ, ਜਿਸ ਕਰਕੇ ਉਹ ਅਸਮਾਨ ਤੋਂ ਵਰ੍ਹਦੇ ਬੰਬਾਂ, ਮਿਜ਼ਾਈਲਾਂ ਅਤੇ ਰਾਕੇਟਾਂ ਦੇ ਸਾਏ ਹੇਠ ਇਜ਼ਰਾਈਲ ਮਜ਼ਦੂਰੀ ਕਰਨ ਲਈ ਜਾਣ ਨੂੰ ਤਿਆਰ ਹੋਏ ਹਨ। ਵੱਡੀ ਗਿਣਤੀ ਵਿਚ ਚੰਗੇ ਭਵਿੱਖ ਦੀ ਭਾਲ ਵਿਚ ਇਜ਼ਰਾਈਲ ਜਾਣ ਦੇ ਚਾਹਵਾਨ ਯੋਗੀ ਅਤੇ ਮੋਦੀ ਸਰਕਾਰ 'ਤੇ ਇਹ ਸਵਾਲ ਖੜੇ ਕਰਦੇ ਹਨ ਕਿ ਜਦੋਂ ਕਰੋੜਾਂ ਰੁਪਏ ਮੰਦਰ ਨਿਰਮਾਣ 'ਤੇ ਖਰਚ ਕੀਤੇ ਗਏ ਹਨ, ਇਸ ਦੇ ਨਾਲ-ਨਾਲ ਰੋਜ਼ਗਾਰ ਦੇ ਵਸੀਲੇ ਵੀ ਪੈਦਾ ਕੀਤੇ ਜਾਂਦੇ ਤਾਂ ਉਹਨਾਂ ਨੂੰ ਆਪਣਾ ਦੇਸ਼ ਛੱਡ ਕੇ ਮੌਤ ਦੇ ਮੂੰਹ ਵਿਚ ਕਿਉਂ ਜਾਣਾ ਪੈਂਦਾ ? ਜਿਹੜੇ ਲੋਕ ਭਾਰਤ ਵਿਚ ਭੁੱਖ ਅਤੇ ਬੇਰੋਜ਼ਗਾਰੀ ਨਾਲ ਲੜ ਰਹੇ ਹਨ, ਉਹਨਾਂ ਵਾਸਤੇ ਧਰਮ ਕੋਈ ਮਾਇਨੇ ਨਹੀਂ ਰੱਖਦਾ। ਉਹਨਾਂ ਦਾ ਕਹਿਣਾ ਹੈ ਕਿ ਜਦੋਂ ਭੁੱਖ ਲਗਦੀ ਹੈ ਤਾਂ ਉਦੋਂ ਮੌਤ ਨਹੀਂ ਦਿਸਦੀ। ਉਹ ਲੋਕ ਸਵਾਲ ਕਰਦੇ ਹਨ ਕਿ ਭਾਜਪਾ ਨੇ ਆਪਣੇ ਦਸ ਸਾਲ ਦੇ ਰਾਜ ਵਿਚ ਆਮ ਲੋਕਾਂ ਨੂੰ ਕੀ ਦਿੱਤਾ ? ਉਹਨਾਂ ਦਾ ਸਵਾਲ ਹੈ ਕਿ ਨੋਟਬੰਦੀ ਨੇ ਦੇਸ ਨੂੰ ਕੀ ਦਿੱਤਾ ? ਨੋਟ ਬੰਦੀ ਕਰਕੇ ਦੇਸ਼ ਨੂੰ ਤਬਾਹ ਕੀਤਾ। ਨੋਟਬੰਦੀ ਨੇ ਲੋਕਾਂ ਦੇ ਰੋਜ਼ਗਾਰ ਦੇ ਵਸੀਲੇ ਖਤਮ ਕਰ ਦਿੱਤੇ। ਬੇਸ਼ੱਕ ਹੁਣ ਰਾਮ ਮੰਦਰ ਦੇਸ਼ ਨੂੰ ਦਿੱਤਾ, ਪਰ ਰੋਜ਼ਗਾਰ ਦਾ ਸਵਾਲ ਤਾਂ ਉੱਥੇ ਹੀ ਖੜਾ ਹੈ। ਇਜ਼ਰਾਈਲ ਜਾਣ ਵਾਲੇ ਲੋਕ ਭਾਜਪਾ ਦੀ ਸਰਕਾਰ ਨੂੰ ਸਵਾਲ ਕਰਦੇ ਹਨ ਕਿ ਕਿੱਥੇ ਹਨ ਦੋ ਕਰੋੜ ਨੌਕਰੀਆਂ ? ਕਿਸ ਦੇ ਬੈਂਕ ਖਾਤੇ ਵਿਚ ਆਏ ਹਨ ਵਿਦੇਸ਼ੀ ਬੈਂਕਾਂ ਤੋਂ ਲਿਆਂਦੇ ਕਾਲੇ ਧਨ ਦੇ 15 ਲੱਖ ਰੁਪਏ ?

ਅਜਿਹੇ ਸਵਾਲਾਂ ਦਾ ਭਾਜਪਾ ਦੀ ਸਰਕਾਰ ਕੋਲ ਕੋਈ ਤਸੱਲੀਬਖਸ਼ ਜਵਾਬ ਨਹੀਂ ਹੈ। ਉਹ ਤਾਂ ਦੇਸ਼ ਨੂੰ ਧਰਮ ਅਤੇ ਹਿੰਦੂ-ਮੁਸਲਮਾਨ ਮੁੱਦਿਆਂ ਉੱਤੇ ਹੀ ਉਲਝਾ ਕੇ ਹੀ ਰੱਖਣਾ ਚਾਹੁੰਦੀ ਹੈ ਤਾਂ ਕਿ ਲੋਕ ਅਸਲ ਮੁੱਦਿਆਂ ਨੂੰ ਭੁੱਲ ਕੇ ਧਰਮ ਅਤੇ ਫਿਰਕਾਪ੍ਰਸਤੀ ਵਿਚ ਹੀ ਉਲਝੇ ਰਹਿਣ। ਜਿਸ ਦੇਸ਼ ਵਿਚ ਕਰੋੜਾਂ ਲੋਕ ਆਪਣਾ ਢਿੱਡ ਭਰਨ ਲਈ ਸਰਕਾਰੀ ਰਾਸ਼ਨ ਦੀ ਉਮੀਦ ਰੱਖਦੇ ਹੋਣ ਅਤੇ ਸਰਕਾਰ ਉਹਨਾਂ ਨੂੰ ਸਿਹਤ, ਸਿੱਖਿਆ ਅਤੇ ਰੋਜ਼ਗਾਰ ਤੋਂ ਵਾਂਝਾ ਰੱਖ ਕੇ ਮਹਿਜ਼ ਵੋਟ ਬੈਂਕ ਦੀ ਰਾਜਨੀਤੀ ਕਰਦੀ ਹੋਵੇ ਤਾਂ ਇਹ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਭਾਜਪਾ ਦੀ ਸਰਕਾਰ ਲੋਕਾਂ ਨੂੰ ਦੇਸ਼ ਵਾਸੀ ਨਾ ਮੰਨ ਕੇ ਸਿਰਫ ਵੋਟਾਂ ਹੀ ਮੰਨਦੀ ਹੈ। ਜੇ ਲੋਕਾਂ ਨੂੰ ਦੇਸ਼ ਵਿਚ ਹੀ ਰੋਜ਼ਗਾਰ ਮਿਲ ਜਾਵੇ ਤਾਂ ਆਪਣਾ ਦੇਸ਼, ਪਰਵਾਰ ਅਤੇ ਸਮਾਜ ਨੂੰ ਛੱਡ ਕੇ ਬਾਹਰ ਕੌਣ ਜਾਣਾ ਚਾਹੁੰਦਾ ਹੈ ? ਦੇਸ਼ ਵਿਚ ਜਿਹਨਾਂ ਨੇ ਆਪੋ-ਆਪਣੇ ਧਰਮਾਂ ਨੂੰ ਮੰਨਣਾ ਹੈ, ਇਹ ਉਹਨਾਂ ਦਾ ਵਿਸ਼ਵਾਸ ਹੈ, ਪਰ ਸਰਕਾਰਾਂ ਨੂੰ ਸਮੁੱਚੇ ਦੇਸ਼ ਵਾਸੀਆਂ ਦੀ ਭਲਾਈ ਲਈ ਕੰਮ ਕਰਨ ਦੀ ਲੋੜ ਹੈ, ਤਾਂ ਕਿ ਹਰ ਦੇਸ਼ ਵਾਸੀਆਂ ਨੂੰ ਉੱਚ ਮਿਆਰੀ ਸਿਹਤ ਅਤੇ ਸਿੱਖਿਆ ਸੁਵਿਧਾਵਾਂ ਮਿਲਣ। ਜਦੋਂ ਲੋਕਾਂ ਨੂੰ ਉੱਚ ਮਿਆਰੀ ਸਿੱਖਿਆ ਹਰ ਇੱਕ ਦੇ ਸਹਿਣਯੋਗ ਖਰਚੇ 'ਤੇ ਮਿਲੇਗੀ ਤਾਂ ਉਹ ਆਪਣੇ ਹੀ ਦੇਸ਼ ਵਿਚ ਰੋਜ਼ਗਾਰ ਲੱਭਣ ਲਈ ਖੁਦ ਹੀ ਸਮਰੱਥ ਹੋਣਗੇ। ਉਹਨਾਂ ਨੂੰ ਦੇਸ਼ ਛੱਡ ਕੇ ਵਿਦੇਸ਼ਾਂ ਵਿਚ ਠੋਕਰਾਂ ਖਾਣ ਲਈ ਮਜਬੂਰ ਨਹੀਂ ਹੋਣਾ ਪਵੇਗਾ।

# ਸੰਪਰਕ : 98153-61301

# ਅੱਤਵਾਦ ਨੂੰ ਸ਼ਹਿ ਦੇਣਾ ਬੁੱਕਲ 'ਚ ਸੱਪ ਪਾਲਣ ਵਾਂਗ ਹੁੰਦੈ



ਡਾ. ਤੇਜਿੰਦਰ ਵਿਰਲੀ

ਜਨਰਲ ਕਾਸਿਮ ਸੁਲੇਮਾਨੀ ਦੀ ਬਰਸੀ 'ਤੇ ਈਰਾਨ ਦੇ ਕੇਰਮਨ ਵਿੱਚ ਹੋਏ ਆਤਮਘਾਤੀ ਹਮਲਿਆਂ ਵਿੱਚ 90 ਤੋਂ ਵੱਧ ਜਾਨਾਂ ਗਈਆਂ ਸਨ। ਤਹਿਰਾਨ ਨੇ ਇੱਕ ਤਿੱਖਾ ਜਵਾਬ ਦਿੰਦਿਆਂ ਕਿਹਾ ਸੀ ਕਿ ਅਸੀਂ ਇਸ ਦਾ ਬਦਲਾ ਜ਼ਰੂਰ ਲਵਾਂਗੇ।

ਹੁਣ ਜਦੋਂ ਈਰਾਨ ਨੇ ਪਾਕਿਸਤਾਨ ਦੇ ਬਲੋਚਿਸਤਾਨ ਵਿੱਚ ਅੱਤਵਾਦੀ ਸਮੂਹ ਦੇ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਪਾਕਿਸਤਾਨ 'ਤੇ ਸਰਜੀਕਲ ਸਟ੍ਰਾਈਕ ਕੀਤੀ ਤਾਂ ਇਹ ਸੰਕੇਤ ਮਿਲਦਾ ਹੈ ਕਿ ਪਾਕਿਸਤਾਨ ਉੱਤੇ ਹਵਾਈ ਹਮਲੇ ਇਸ ਦੁਖਾਂਤ ਦਾ ਸਿੱਧਾ ਜਵਾਬ ਸੀ। ਈਰਾਨ ਨੇ ਜਿਨ੍ਹਾਂ ਅਪਰਾਧੀਆਂ ਦੀ ਪਛਾਣ ਜੈਸ਼ ਅਲ-ਅਦਲ ਵਜੋਂ ਕੀਤੀ ਸੀ, ਉਦੋਂ ਹੀ ਉਨ੍ਹਾਂ ਤੋਂ ਬਦਲਾ ਲੈਣ ਦੀ ਸਹੁੰ ਵੀ ਖਾਧੀ ਸੀ । ਜੈਸ਼ ਅਲ-ਅਦਲ ਪਾਕਿਸਤਾਨ ਸਥਿਤ ਅੱਤਵਾਦੀ ਸਮੂਹ ਹੈ। ਇਹ ਸੰਗਠਨ 2012 ਵਿਚ ਸਥਾਪਤ ਹੋਇਆ ਅਜਿਹਾ ਸੁੰਨੀ ਸੰਗਠਨ ਹੈ, ਜਿਹੜਾ ਜ਼ਿਆਦਾਤਰ ਈਰਾਨੀ ਸੁਰੱਖਿਆ ਕਰਮਚਾਰੀਆਂ ਨੂੰ ਨਿਸ਼ਾਨਾ ਬਣਾਉਣ ਲਈ ਜਾਣਿਆ ਜਾਂਦਾ ਹੈ।

ਤਹਿਰਾਨ ਨੇ ਪਾਕਿਸਤਾਨ ਵਿਚ ਅੱਤਵਾਦੀ ਸਮੂਹ ਜੈਸ਼ ਅਲ-ਅਦਲ ਦੇ ਦੋ ਟਿਕਾਣਿਆਂ 'ਤੇ ਮਿਜ਼ਾਈਲ ਅਤੇ ਡਰੋਨ ਨਾਲ ਹਮਲੇ ਕੀਤੇ।

ਜੈਸ਼ ਅਲ-ਅਦਲ, ਜਿਸ ਨੂੰ ਨਿਆਂ ਦੀ ਫੌਜ ਵਜੋਂ ਜਾਣਿਆ ਜਾਂਦਾ ਹੈ, ਬੁਨਿਆਦੀ ਤੌਰ 'ਤੇ ਇਸ ਸਮੂਹ ਦਾ ਉਦੇਸ਼ ਦੇਸ਼ ਨੂੰ ਤੋੜਨਾ ਹੈ, ਖਾਸ ਤੌਰ 'ਤੇ ਈਰਾਨ ਤੋਂ ਸਿਸਤਾਨ-ਬਲੋਚਿਸਤਾਨ ਨੂੰ ਵੱਖ ਕਰਨਾ । ਇਹ ਸਮੂਹ ਆਤਮਘਾਤੀ ਬੰਬ ਧਮਾਕੇ, ਅਗਵਾ ਅਤੇ ਗੁਰੀਲਾ ਹਮਲੇ ਕਰਦਾ ਰਿਹਾ ਹੈ।

ਈਰਾਨ ਨੇ ਇਹ ਹਵਾਈ ਹਮਲਾ ਕਰਨ ਤੋਂ ਪਹਿਲਾਂ ਪਾਕਿਸਤਾਨ ਨੂੰ ਜੈਸ਼ ਅਲ-ਅਦਲ ਵਿਰੁੱਧ ਕਾਰਵਾਈ ਕਰਨ ਲਈ ਵਾਰ-ਵਾਰ ਅਪੀਲ ਕੀਤੀ ਸੀ ।ਈਰਾਨ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਪਾਕਿਸਤਾਨ ਦਾ ਜਵਾਬ ਨਰਮ ਰਿਹਾ, ਜਿਸ ਨਾਲ ਇਸ ਹਮਲੇ ਦੀ ਸੰਭਾਵਨਾ ਵਧ ਗਈ ਸੀ । ਹਮਲੇ ਤੋਂ ਬਾਅਦ ਈਰਾਨ ਦਾ ਕਹਿਣਾ ਹੈ ਕਿ ਹਮਲੇ ਨਾਲ ਪਾਕਿਸਤਾਨੀ ਨਾਗਰਿਕਾਂ ਨੂੰ ਨਹੀਂ, ਸਗੋਂ ਅੱਤਵਾਦੀਆਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ।

ਈਰਾਨ ਦੇ ਇਸ ਹਮਲੇ ਤੋਂ ਬਾਅਦ ਈਰਾਨ ਅਤੇ ਪਾਕਿਸਤਾਨ ਦੇ ਕੂਟਨੀਤਕ ਸੰਬੰਧਾਂ ਵਿੱਚ ਤਲਖੀ ਆ ਗਈ ਹੈ। ਪਾਕਿਸਤਾਨ ਵੱਲੋਂ ਈਰਾਨ ਤੋਂ ਆਪਣੇ ਰਾਜਦੂਤ ਨੂੰ ਵਾਪਸ ਬੁਲਾਇਆ ਜਾਣਾ ਅਤੇ ਈਰਾਨੀ ਰਾਜਦੂਤ ਨੂੰ ਬਾਹਰ ਕੱਢਣਾ ਇੱਕ ਡੂੰਘੀ ਦਰਾਰ ਨੂੰ ਦਰਸਾਉਂਦਾ ਹੈ।

ਜੈਸ਼ ਅਲ-ਅਦਲ ਹੁਣ ਇਸਲਾਮਿਕ ਸਟੇਟ ਖੁਰਾਸਾਨ (ਆਈ ਐੱਸ ਆਈ ਐੱਸ-ਕੇ) ਦੇ ਇੱਕ ਸਹਿਯੋਗੀ ਵਜੋਂ ਉਭਰਿਆ ਹੈ। ਰਿਪੋਰਟਾਂ ਮੁਤਾਬਕ ਈਰਾਨ ਵਿੱਚ ਹਾਲ ਹੀ ਵਿੱਚ ਹੋਏ ਬੰਬ ਧਮਾਕਿਆਂ ਨੂੰ ਦੋਵਾਂ ਸਮੂਹਾਂ ਦੇ ਸਹਿਯੋਗ ਨਾਲ ਅੰਜਾਮ ਦਿੱਤਾ ਗਿਆ ਸੀ, ਜਿਸ ਨਾਲ ਖੇਤਰੀ ਦ੍ਰਿਸ਼ ਨੂੰ ਹੋਰ ਗੁੰਝਲਦਾਰ ਬਣਾ ਦਿੱਤਾ ਹੈ । ਹਾਲਾਂਕਿ ਤਹਿਰਾਨ ਨੇ ਕੋਈ ਸਬੂਤ ਜਨਤਕ ਨਹੀਂ ਸੀ ਕੀਤਾ ।

ਅੱਜ ਪਾਕਿਸਤਾਨ ਸਥਿਤ ਅੱਤਵਾਦੀ ਸੰਗਠਨ ਜੈਸ਼ ਅਲ-ਅਦਲ ਇੱਕ ਭਿਆਨਕ ਖਤਰੇ ਵਜੋਂ ਵਿਕਸਤ ਹੋ ਰਿਹਾ ਹੈ। ਇਹ ਆਪਣੇ ਆਪ ਨੂੰ ISIS ਨਾਲ ਜੋੜ ਕੇ ਦੇਖਦਾ ਹੈ । ਅੰਤਰਰਾਸ਼ਟਰੀ ਭਾਈਚਾਰਾ ਇਸ ਦੇ ਸੰਭਾਵੀ ਪ੍ਰਭਾਵਾਂ ਤੋਂ ਸੁਚੇਤ ਹੈ, ਜੋ ਇਸ ਭੂਗੋਲਿਕ ਖੇਤਰ ਤੋਂ ਬਾਹਰ ਵੀ ਫੈਲ ਸਕਦੇ ਹਨ।

ਈਰਾਨ ਦੇ ਮਿਜ਼ਾਈਲ ਹਮਲੇ ਵਿੱਚ ਪਾਕਿਸਤਾਨ ਵਿੱਚ ਅੱਤਵਾਦੀ ਸਮੂਹ ਜੈਸ਼ ਉਲ-ਅਦਲ ਦੇ ਦੋ ਮਹੱਤਵਪੂਰਨ ਸਥਾਨਾਂ ਨੂੰ ਤਬਾਹ ਕਰ ਦਿੱਤਾ ਗਿਆ ਹੈ । ਜੈਸ਼ ਅਲ-ਅਦਲ ਅਤੰਕੀ ਸਮੂਹ ਵਾਲੇ ਇਨ੍ਹਾਂ ਦੋ ਸਥਾਨਾਂ ਨੂੰ ਮਿਜ਼ਾਈਲ ਅਤੇ ਡਰੋਨ ਤੋਂ ਨਿਸ਼ਾਨਾ ਬਣਾਇਆ ਗਿਆ ਸੀ । ਹਮਲੇ ਵਿੱਚ ਜਿਸ ਇਲਾਕੇ ਨੂੰ ਟਾਰਗੇਟ ਕੀਤਾ ਗਿਆ ਸੀ, ਉਹ ਪਾਕਿਸਤਾਨ ਦੇ ਬਲੋਚਿਸਤਾਨ ਸੂਬੇ ਵਿੱਚ ਕੁਹੇ ਸਬਜ਼ ਨਾਂਅ ਦੇ ਖੇਤਰ ਵਿੱਚ ਹਨ। ਇਹ ਜੈਸ਼ ਉਲ-ਅਦਲ ਸਮੂਹ ਦਾ ਸਭ ਤੋਂ ਵੱਡਾ ਸਥਾਨ ਹੈ।

ਈਰਾਨ ਵੱਲੋਂ ਪਾਕਿਸਤਾਨ 'ਤੇ ਕੀਤੇ ਗਏ ਏਅਰ ਸਟ੍ਰਾਈਕ ਤੋਂ ਬਾਅਦ ਪਾਕਿਸਤਾਨ ਨੇ ਚੀਨ ਨਾਲ ਨਾਰਾਜ਼ਗੀ ਪ੍ਰਗਟਾਈ ਹੈ । ਉਨ੍ਹਾਂ ਕਿਹਾ ਕਿ ਪਾਕਿਸਤਾਨ 'ਚ ਲਗਾਏ ਗਏ ਮੇਡ ਇਨ ਚਾਈਨਾ ਰਾਡਾਰ ਈਰਾਨ ਵੱਲੋਂ ਦਾਗੀਆਂ ਗਈਆਂ ਮਿਜ਼ਾਈਲਾਂ ਦੀ ਜਾਣਕਾਰੀ ਦੇਣ 'ਚ ਅਸਫ਼ਲ ਰਹੇ ਹਨ, ਜਿਸ ਕਾਰਨ ਦੇਸ਼ ਨੂੰ ਏਅਰ ਸਟ੍ਰਾਈਕ ਦਾ ਖਾਮਿਆਜ਼ਾ ਭੁਗਤਣਾ ਪਿਆ ਹੈ।

ਇਸ ਮਾਮਲੇ 'ਚ ਚੀਨ ਨੇ ਦੋਵਾਂ ਦੇਸ਼ਾਂ ਨੂੰ ਸ਼ਾਂਤੀ ਬਣਾਏ ਰੱਖਣ ਲਈ ਕਿਹਾ ਹੈ । ਚੀਨ ਦੇ ਇਸ ਰਵੱਈਏ ਕਾਰਨ ਪਾਕਿਸਤਾਨ ਦਾ ਪੂਰੀ ਦੁਨੀਆ 'ਚ ਮਜ਼ਾਕ ਬਣ ਰਿਹਾ ਹੈ ।

ਈਰਾਨ ਵੱਲੋਂ ਪਾਕਿਸਤਾਨ ਦੇ ਬਲੋਚਿਸਤਾਨ ਸੂਬੇ ਵਿਚ ਅੱਤਵਾਦੀ ਟਿਕਾਣਿਆਂ ਉਤੇ ਕੀਤੇ ਗਏ ਮਿਜ਼ਾਈਲ ਹਮਲਿਆਂ ਤੋਂ ਬਾਅਦ ਪਾਕਿਸਤਾਨ ਨੇ ਵੀ ਜਵਾਬੀ ਕਾਰਵਾਈ ਕਰਦਿਆਂ ਬੀਤੇ ਵੀਰਵਾਰ ਈਰਾਨ ਦੇ ਸਿਸਤਾਨ-ਬਲੋਚਿਸਤਾਨ ਸੂਬੇ ਵਿਚ ਦਹਿਸ਼ਤਗਰਦਾਂ ਦੀਆਂ ਛੁਪਣਗਾਹਾਂ ਨੂੰ ਨਿਸ਼ਾਨਾ ਬਣਾਇਆ। ਪਾਕਿਸਤਾਨੀ ਫ਼ੌਜ ਦੇ ਮੀਡੀਆ ਵਿੰਗ ਇੰਟਰ-ਸਰਵਿਸਿਜ਼ ਪਬਲਿਕ ਰਿਲੇਸ਼ਨਜ਼ ਨੇ ਇਕ ਬਿਆਨ ਵਿਚ ਕਿਹਾ ਕਿ ਦੋ ਦਹਿਸ਼ਤੀ ਜਥੇਬੰਦੀਆਂ ਬਲੋਚਿਸਤਾਨ ਲਿਬਰੇਸ਼ਨ ਆਰਮੀ ਅਤੇ ਬਲੋਚਿਸਤਾਨ ਲਿਬਰੇਸ਼ਨ ਫਰੰਟ ਵੱਲੋਂ ਵਰਤੀਆਂ ਜਾਂਦੀਆਂ ਛੁਪਣਗਾਹਾਂ ਇੱਥੇ ਸਨ।

ਪਾਕਿਸਤਾਨ ਦੇ ਵਿਦੇਸ਼ ਦਫ਼ਤਰ ਨੇ ਇਕ ਬਿਆਨ ਚ ਕਿਹਾ ਅੱਜ ਸਵੇਰੇ ਪਾਕਿਸਤਾਨ ਨੇ ਈਰਾਨ ਦੇ ਸਿਸਤਾਨ-ਬਲੋਚਿਸਤਾਨ ਸੂਬੇ ਚ ਦਹਿਸ਼ਤੀ ਟਿਕਾਣਿਆਂ 'ਤੇ ਪੂਰੇ ਤਾਲਮੇਲ ਨਾਲ ਸਟੀਕ ਫ਼ੌਜੀ ਹਮਲੇ ਕੀਤੇ ਹਨ । ਉਨ੍ਹਾ ਕਿਹਾ ਕਿ ਖ਼ੁਫ਼ੀਆ ਸੂਚਨਾ ਦੇ ਆਧਾਰ 'ਤੇ ਕੀਤੀ ਗਈ ਇਸ ਕਾਰਵਾਈ 'ਚ ਕਈ ਦਹਿਸ਼ਤਗਰਦ ਮਾਰੇ ਗਏ ਹਨ । ਇਸ ਕਾਰਵਾਈ ਦਾ ਕੋਡ ਨੇਮ 'ਮਾਰਗ ਬਾਰ ਸਰਮਾਚਰ' ਸੀ । ਫਾਰਸੀ ਭਾਸ਼ਾ 'ਚ 'ਮਾਰਗ ਬਾਰ' ਦਾ ਮਤਲਬ ਮੌਤ ਹੈ, ਜਦਕਿ ਬਲੋਚ ਭਾਸ਼ਾ ਚ 'ਸਰਮਾਚਰ' ਦਾ ਮਤਲਬ ਗੁਰੀਲਾ ਹੈ ।

ਇਹ 'ਜੈਸੇ ਨੂੰ ਤੈਸਾ' ਵਰਗੇ ਹਮਲੇ ਇਸ ਭੂਗੋਲਿਕ ਖਿੱਤੇ ਲਈ ਚਿੰਤਾ ਦਾ ਵਿਸ਼ਾ ਬਣ ਸਕਦੇ ਹਨ ।ਇਹ ਦੋਵੇਂ ਮੁਲਕ ਹੀ ਅੱਜ ਆਪਣੇ ਆਪ ਨੂੰ ਦਹਿਸ਼ਤਗਰਦੀ ਤੋਂ ਪੀੜਤ ਦੱਸ ਰਹੇ ਹਨ, ਜਦੋਂਕਿ ਇਹ ਦੋਵੇਂ ਦੇਸ਼ ਹੀ ਦਹਿਸ਼ਤਗਰਦ ਗਰੁੱਪਾਂ ਨੂੰ ਸ਼ਰਨ ਤੇ ਸਹਾਰਾ ਦੇਣ ਲਈ ਬਦਨਾਮ ਹਨ ।

ਇਹ ਗੱਲ ਸਾਰੀ ਦੁਨੀਆ ਜਾਣਦੀ ਹੈ ਕਿ ਪਾਕਿਸਤਾਨ ਵੱਲੋਂ ਦਹਿਸ਼ਤਗਰਦੀ ਨੂੰ ਹਥਿਆਰ ਬਣਾ ਕੇ ਭਾਰਤ ਖ਼ਿਲਾਫ਼ ਲੁਕਵੀਂ ਜੰਗ ਲੜੀ ਜਾ ਰਹੀ ਹੈ। ਇਸ ਵੱਲੋਂ ਕਸ਼ਮੀਰੀ ਦਹਿਸ਼ਤਗਰਦਾਂ ਦੀ ਖੁੱਲ੍ਹੇਆਮ ਮਦਦ ਕੀਤੀ ਜਾਂਦੀ ਹੈ ਅਤੇ ਇਹ ਪੰਜਾਬ ਸਮੇਤ ਹੋਰਨਾਂ ਭਾਰਤੀ ਸੂਬਿਆਂ ਵਿਚ ਵੀ ਵੱਖਵਾਦ ਤੇ ਦਹਿਸ਼ਤਗਰਦੀ ਨੂੰ ਸ਼ਹਿ ਦੇਣ ਦੇ ਨਾਲ-ਨਾਲ ਦੇਸ਼ ਨੂੰ ਢਾਅ ਲਾਉਣ ਲਈ ਨਸ਼ਾ ਅਤੇ ਗੈਂਗਸਟਰਾਂ ਨੂੰ ਵੀ ਸਹਾਇਤਾ ਦਿੰਦਾ ਹੈ। ਐਨ ਇਸੇ ਤਰ੍ਹਾਂ ਇਰਾਨ ਵੀ ਹਮਾਸ, ਹੂਤੀ ਅਤੇ ਹੋਰ ਕਈ ਤਰ੍ਹਾਂ ਦੇ ਦਹਿਸ਼ਤਗਰਦਾਂ ਦੀ ਪੁਸ਼ਤ-ਪਨਾਹੀ ਕਰਦਾ ਹੈ ।ਅੱਜ ਦੁਨੀਆ ਦੇ ਸਾਹਮਣੇ ਪਾਕਿਸਤਾਨ ਦਾ ਪਰਦਾਫਾਸ਼ ਹੋ ਗਿਆ ਹੈ । ਸਭ ਨੂੰ ਪਤਾ ਹੈ ਕਿ ਇਹ ਦੇਸ ਅੱਤਵਾਦੀਆਂ ਦੀ ਨਰਸਰੀ ਹੈ । ਇਹ ਸਰਜੀਕਲ ਸਟਰਾਈਕ ਦੋਵਾਂ ਦੇਸ਼ਾਂ ਨੇ ਐਨ ਉਸੇ ਤਰ੍ਹਾਂ ਹੀ ਕੀਤੀ ਜਿਵੇਂ ਪੰਜ ਸਾਲ ਪਹਿਲਾਂ 2019 ਵਿੱਚ, ਪੁਲਵਾਮਾ ਵਿੱਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ, ਭਾਰਤ ਨੇ ਬਾਲਾਕੋਟ ਵਿੱਚ ਸਰਜੀਕਲ ਸਟ੍ਰਾਈਕ ਕੀਤੀ ਸੀ । ਪਰ ਪਾਕਿਸਤਾਨੀ ਫੌਜ ਦੇ ਬੁਲਾਰੇ ਮੇਜਰ ਜਨਰਲ ਆਸਿਫ ਗਫੂਰ ਨੇ ਕਿਹਾ ਸੀ ਕਿ ਭਾਰਤ ਆਪਣੇ ਨਾਗਰਿਕਾਂ ਨੂੰ ਸੰਤੁਸ਼ਟ ਕਰਨ ਲਈ ਸਰਜੀਕਲ ਸਟ੍ਰਾਈਕ ਦੇ ਝੂਠੇ ਦਾਅਵੇ ਕਰ ਰਿਹਾ ਹੈ । ਅਸੀਂ ਇੱਕ ਪੇਸ਼ੇਵਰ ਫੌਜ ਅਤੇ ਇੱਕ ਜ਼ਿੰਮੇਵਾਰ ਰਾਜ ਹਾਂ।

ਪਾਕਿਸਤਾਨ 'ਤੇ ਈਰਾਨ ਦੇ ਹਵਾਈ ਹਮਲੇ ਤੋਂ ਕੁਝ ਦਿਨ ਬਾਅਦ ਭਾਰਤ ਨੇ ਅੱਤਵਾਦ ਵਿਰੁੱਧ ਆਪਣੇ ਰੁਖ ਨੂੰ ਦੁਹਰਾਉਂਦੇ ਹੋਏ ਇਸ ਘਟਨਾਕ੍ਰਮ 'ਤੇ ਇਕ ਬਿਆਨ ਵਿੱਚ ਵਿਦੇਸ਼ ਮੰਤਰਾਲੇ ਦੇ ਅਧਿਕਾਰਤ ਬੁਲਾਰੇ ਰਣਧੀਰ ਜੈਸਵਾਲ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਭਾਰਤ ਅੱਤਵਾਦ ਪ੍ਰਤੀ ਇੱਕ ਸਪੱਸ਼ਟ ਜ਼ੀਰੋ-ਸਹਿਣਸ਼ੀਲਤਾ ਵਾਲਾ ਰੁਖ ਰੱਖਦਾ ਹੈ ।

ਅਸਲ ਵਿਚ ਦਹਿਸ਼ਤਗਰਦੀ 'ਬੁੱਕਲ ਵਿਚ ਲੁਕੇ ਹੋਏ ਸੱਪ' ਵਾਂਗ ਹੈ, ਜਿਸ ਦੀ ਸਿਰੀ ਮਿੱਧਣ ਲਈ ਸਾਂਝੀਆਂ ਕੋਸ਼ਿਸ਼ਾਂ ਦੀ ਲੋੜ ਹੈ, ਕਿਉਂਕਿ ਇਨ੍ਹਾਂ ਸੱਪਾਂ ਨੇ ਉਨ੍ਹਾਂ ਨੂੰ ਦੁੱਧ ਪਿਆਉਣ ਵਾਲੇ ਹੱਥਾਂ ਨੂੰ ਵੀ ਇਕ ਦਿਨ ਡੰਗਣਾ ਹੀ ਹੁੰਦਾ ਹੈ।

# ਸੰਪਰਕ : 94647-97400

THIS IS A PUBLIC ANNOUNCEMENT FOR INFORMATION PURPOSES ONLY AND IS NOT A PROSPECTUS ANNOUNCEMENT AND DOES NOT CONSTITUTE AN INVITATION OR OFFER TO ACQUIRE, PURCHASE OR SUBSCRIBE TO SECURITIES. NOT FOR RELEASE, PUBLICATION OR DISTRIBUTION DIRECTLY OR INDIRECTLY OUTSIDE INDIA. Initial Public Offer of equity shares on the main board of BSE Limited (**"BSE"**) and National Stock Exchange of India Limited (**"NSE"**, and together with BSE, the **"Stock Exchanges"**) in compliance with Chapter II of the Securities and Exchange Board of India (Issue of Capital and Disclosure Requirements) Regulations, 2018, as amended (**"SEBI ICDR Regulations"**).

**Capital Small Finance Bank**

# CAPITAL SMALL FINANCE BANK LIMITED

(Please scan this QR code to view the Red Herring Prospectus and the abridged Prospectus)

| **Nuvama Wealth Management Limited**<br>*(Formerly known as Edelweiss Securities Limited)**<br>801 - 804, Wing A, Building No 3, Inspire BKC, G Block Bandra Kurla Complex, Bandra East, Mumbai - 400 051 Maharashtra, India<br>**Tel:** +91 22 4009 4400<br>**E-mail:** capitalsfb.ipo@nuvama.com<br>**Investor grievance email:** customerservice.mb@nuvama.com<br>**Contact Person:** Manish Tejwani<br>**Website:** www.nuvama.com<br>**SEBI registration no:** INM000013004 | **DAM Capital Advisors Limited**<br>One BKC, Tower C, 15th Floor, Unit No. 1511 Bandra Kurla Complex, Bandra (East), Mumbai - 400 051 Maharashtra, India<br>**Tel:** +91 22 4202 2500<br>**E-mail:** capitalsfb.ipo@damcapital.in<br>**Website:** www.damcapital.in<br>**Investor Grievance ID:** complaint@damcapital.in<br>**Contact Person:** Chandresh Sharma/ Akshay Bhandari<br>**SEBI Registration Number:** MB/INM000011336 | **Equirus Capital Private Limited**<br>1201, C Wing, Marathon Futurex, N.M. Joshi Marg, Lower Parel Mumbai - 400 013, Maharashtra, India<br>**Tel:** +91 22 4332 0734<br>**E-mail:** capitalsfb.ipo@equirus.com<br>**Website:** www.equirus.com<br>**Investor Grievance ID:** investorsgrievance@equirus.com<br>**Contact Person:** Mrunal Jadhav<br>**SEBI Registration Number:** INM000011286 | **Link Intime India Private Limited**<br>C-101, 1st Floor, 247 Park, Lal Bahadur Shastri Marg Vikhroli (West), Mumbai - 400 083, Maharashtra, India<br>**Tel:** +91 810 811 4949<br>**E-mail:** capitalsfb.ipo@linkintime.co.in<br>**Website:** www.linkintime.co.in<br>**Investor Grievance ID:** capitalsfb.ipo@linkintime.co.in<br>**Contact Person:** Shanti Gopalkrishnan<br>**SEBI Registration Number:** INR000004058 | Investors may contact the Company Secretary and Compliance Officer or the Registrar to the Offer in case of any pre-offer or post-Offer related grievances including non-receipt of letters of Allotment, non-credit of Allotted Equity Shares in the respective beneficiary account, non-receipt of refund orders or non-receipt of funds by electronic mode, etc. For all offer related queries and for redressal of complaints, Investors may also write to the BRLMs. |

**Pursuant to order passed by Hon'ble National Company Law Tribunal, Mumbai Bench dated April 27, 2023, the merchant banking business of Edelweiss Financial Services Limited has demerged and now transferred to Nuvama Wealth Management Limited and therefore the said merchant banking business is part of Nuvama Wealth Management Limited.*

**AVAILABILITY OF THE RHP:** Investors are advised to refer to the RHP and the section titled *"Risk Factors"* on page 27 of the RHP, before applying in the Offer. A copy of the RHP shall be available on website of SEBI at www.sebi.gov.in, websites of the Stock Exchanges i.e. BSE Limited and National Stock Exchange of India Limited at www.bseindia.com and www.nseindia.com, respectively, and on the website of the Bank at www.capitalbank.co.in and on the websites of the BRLMs i.e. Nuvama Wealth Management Limited *(Formerly known as Edelweiss Securities Limited)*, DAM Capital Advisors Limited and Equirus Capital Private Limited at www.nuvama.com, www.damcapital.in and www.equirus.com, respectively.

**Availability of the Abridged Prospectus:** A copy of the abridged prospectus shall be available on the website of the Bank, the BRLMs and the Registrar to the Offer at www.capitalbank.co.in, www.nuvama.com, www.damcapital.in, www.equirus.com and www.linkintime.co.in, respectively.

**AVAILABILITY OF BID CUM APPLICATION FORMS:** Bid cum Application Forms can be obtained from the Registered Office of the Company **CAPITAL SMALL FINANCE BANK LIMITED, Tel:** +91 181 5051111/2222; **The BRLMs : Nuvama Wealth Management Limited** *(Formerly known as Edelweiss Securities Limited)*, **Tel:** +91 22 4009 4400; **DAM Capital Advisors Limited, Tel:** +91 22 4202 2500 and **Equirus Capital Private Limited, Tel:** +91 22 4332 0734; **Syndicate Members: Sharekhan Limited, Tel:** +91 22 6750 2000; **Nuvama Wealth Management Limited** *(Formerly known as Edelweiss Securities Limited)*, **Tel:** +91 22 4009 4400 and **Equirus Securities Private Limited , Tel:** +91 22 4332 0600 and at the select locations of the Sub-syndicate Members (as given below), SCSBs, Registered Brokers, RTAs and CDPs participating in the Offer. ASBA Forms will also be available on the websites of BSE and NSE and the Designated Branches of SCSBs, the list of which is available at websites of the Stock Exchanges and SEBI.

**Sub-Syndicate Members:** Alankit assignments limited , Almondz Global Securities Limited, Anand Rathi Share & Stock Brokers Limited, ANS Pvt Limited, Asit C Mehta, Axis Capital Limited, Centrum Broking Limited, Finwizard Technology Pvt. Ltd., HDFC Securities Limited, ICICI Securities Limited, IDBI Capital Markets & Securities Ltd, IIFL Securities ltd, JM Financial Services Limited, Keynote Capitals Limited, KJMC Capital Market Services Limited, Kotak Securities Limited, LKP Securities Limited, Motilal Oswal Financial Services Limited, Nirmal Bang Securities Pvt Limited, Prabhudas Lilladher Pvt Limited, Pravin Ratilal Share & Stock Brokers Limited, Religare Broking Limited, RR Equity Brokers Pvt Limited, SBICAP Securities Limited, SMC Global Securities Limited, Systematix Shares and Stocks India Ltd and Yes Securities (India) Limited

**Escrow Collection Bank and Refund Bank :** Axis Bank Limited

**Public Offer Account Bank :** HDFC Bank Limited • **Sponsor Banks:** Axis Bank Limited and HDFC Bank Limited

**UPI: UPI Bidders can also bid through UPI Mechanism.**

**All capitalized terms used herein and not specifically defined shall have the same meaning as ascribed to them in the RHP.**

For **CAPITAL SMALL FINANCE BANK LIMITED**
**On behalf of the Board of Directors**
*Sd/-*
Amit Sharma
**Company Secretary and Compliance Officer**

Place: Jalandhar
Date: February 1, 2024

**CAPITAL SMALL FINANCE BANK LIMITED** is proposing, subject to applicable statutory and regulatory requirements, receipt of requisite approvals, market conditions and other considerations, to undertake an initial public offering of its Equity Shares and has filed the RHP with RoC on February 1, 2024. The RHP shall be available on the website of SEBI at www.sebi.gov.in, on the websites of the Stock Exchanges i.e. BSE and NSE at www.bseindia.com and www.nseindia.com, respectively, on the website of the Bank at www.capitalbank.co.in and on the websites of the BRLMs i.e. Nuvama Wealth Management Limited *(Formerly known as Edelweiss Securities Limited)*, DAM Capital Advisors Limited and Equirus Capital Private Limited at www.nuvama.com, www.damcapital.in and www.equirus.com, respectively. Any potential investors should note that investment in equity shares involves a high degree of risk and for details relating to such risk, please see the section titled *'Risk Factors'* on page 27 of the RHP. Potential Bidders should not rely on the DRHP dated September 28, 2023 filed with SEBI for making any investment decision.

This announcement does not constitute an offer of Equity Shares for sale in any jurisdiction, including the United States, and the Equity Shares may not be offered or sold in the United States absent registration under the US Securities Act of 1933, as amended, or an exemption from registration. Any public offering of the Equity Shares to be made in the United States will be made by means of a prospectus that may be obtained from the Bank and that will contain detailed information about the Bank and management, as well as financial statements. However, there will be no offering of the Equity Shares in the United States.

2-FEB-PAGE-18.qxd 2/2/2024 12:26 AM Page 1



# ਹਲਕਾ ਇੰਚਾਰਜ ਬੱਲੂ ਨੇ ਮੰਤਰੀ ਬਲਕਾਰ ਸਿੰਘ ਨਾਲ ਵਿਕਾਸ ਕਾਰਜਾਂ ਨੂੰ ਲੈ ਕੇ ਕੀਤੀ ਚਰਚਾ

**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ )-** ਆਉਣ ਵਾਲੇ ਦਿਨਾਂ ਵਿੱਚ ਨਵਾਂਸ਼ਹਿਰ ਸ਼ਹਿਰ ਅਤੇ ਰਾਹੋਂ ਸ਼ਹਿਰ ਵਿੱਚ ਵਿਕਾਸ ਕਾਰਜਾਂ ਵਿੱਚ ਤੇਜ਼ੀ ਲਿਆਂਦੀ ਜਾਵੇਗੀ ਅਤੇ ਦੋਵਾਂ ਸ਼ਹਿਰਾਂ ਵਿੱਚ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਇਹ ਗੱਲ ਆਮ ਆਦਮੀ ਪਾਰਟੀ ਨਵਾਂਸ਼ਹਿਰ ਦੇ ਹਲਕਾ ਇੰਚਾਰਜ ਲਲਿਤ ਮੋਹਨ ਬੱਲੂ ਨੇ ਸਥਾਨਕ ਸਰਕਾਰਾਂ ਵਿਭਾਗ ਦੇ ਮੰਤਰੀ ਬਲਕਾਰ ਸਿੰਘ ਵੱਲੋਂ ਬੁਲਾਈ ਗਈ ਮੀਟਿੰਗ ਵਿੱਚ ਸ਼ਾਮਲ ਹੋਣ ਉਪਰੰਤ ਕਹੀ। ਨਵਾਂਸ਼ਹਿਰ ਨਗਰ ਕੌਂਸਲ ਦੀ ਤਰਫ਼ੋਂ ਲਲਿਤ ਮੋਹਨ ਬੱਲੂ ਨੇ ਕਿਹਾ ਕਿ ਉਨ੍ਹਾਂ ਦੇ ਕਾਰਜਕਾਲ ਦੌਰਾਨ ਨਵਾਂਸ਼ਹਿਰ ਨਗਰ ਕੌਂਸਲ ਸਫ਼ਾਈ ਮੁਹਿੰਮ 'ਚ ਦੇਸ਼ ਭਰ 'ਚੋਂ ਅੱਵਲ ਰਹੀ ਸੀ ਪਰ ਕਾਂਗਰਸ ਦੇ ਕਾਰਜਕਾਲ ਦੌਰਾਨ ਨਵਾਂਸ਼ਹਿਰ ਬਹੁਤ ਪਛੜ ਗਿਆ ਹੈ ਅਤੇ ਹੁਣ ਉਹ ਨਵਾਂਸ਼ਹਿਰ ਨੂੰ ਅੱਗੇ ਲਿਆਉਣ ਲਈ ਉਹ ਦੋਬਾਰਾ ਯਤਨਸ਼ੀਲ ਹਨ । ਉਨ੍ਹਾਂ ਕਿਹਾ ਕਿ ਨਵਾਂਸ਼ਹਿਰ ਵਿੱਚ ਅਜੇ ਬਹੁਤ ਸਾਰੇ ਵਿਕਾਸ ਕਾਰਜ ਹੋਣੇ ਬਾਕੀ ਹਨ ਅਤੇ ਇਸ ਬਾਰੇ ਮੰਤਰੀ ਨਾਲ ਗੱਲਬਾਤ ਹੋਈ ਸੀ, ਜਿਸ 'ਤੇ ਮੰਤਰੀ ਨੇ ਆਪਣੀ ਸਹਿਮਤੀ ਦੇ ਦਿੱਤੀ ਹੈ। ਇਸ ਮੌਕੇ ਨਵਾਂਸ਼ਹਿਰ ਤੋਂ ਇਲਾਵਾ ਰਾਹੋਂ ਵਿੱਚ ਵੀ ਵਿਕਾਸ ਕਾਰਜਾਂ ਵਿੱਚ ਤੇਜ਼ੀ ਲਿਆਉਣ ਬਾਰੇ ਚਰਚਾ ਹੋਈ। ਪੰਜਾਬ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਵੱਡੇ ਪੱਧਰ 'ਤੇ ਕੰਮ ਕੀਤੇ ਜਾ ਰਹੇ ਹਨ ਅਤੇ ਸਰਕਾਰ ਵੱਲੋਂ ਕੀਤੇ ਕੰਮਾਂ ਦੇ ਬਲਬੂਤੇ ਹੀ ਅਗਲੀਆਂ ਲੋਕ ਸਭਾ ਚੋਣਾਂ ਵਿੱਚ ਜਿੱਤ ਦਰਜ ਕੀਤੀ ਜਾਵੇਗੀ।



# ਐੱਲ ਪੀ ਯੂ ਵੱਲੋਂ ਐਫੀ-ਸਾਈਕਲ- 2024 ਦੇ ਚਾਰ ਦਿਨਾ ਰਾਸ਼ਟਰੀ ਮੁਕਾਬਲੇ



**ਜਲੰਧਰ (ਸ਼ੈਲੀ ਐਲਬਰਟ)-** ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਵਿਖੇ ਵਿਦਿਆਰਥੀ ਭਲਾਈ ਅਤੇ ਸਕੂਲ ਆਫ ਮਕੈਨੀਕਲ ਇੰਜੀਨੀਅਰਿੰਗ ਦੇ ਡਿਵੀਜ਼ਨਸ ਨੇ ਭਾਰਤ ਦੀ ਮਾਰੂਤੀ ਸੁਜ਼ੂਕੀ ਲਿਮਟਿਡ ਸਹਿਯੋਗ ਨਾਲ ਐਫੀ-ਸਾਈਕਲ- 2024 ਮੁਕਾਬਲੇ ਦੇ 14ਵੇਂ ਸੰਸਕਰਨ ਦਾ ਆਯੋਜਨ ਕੀਤਾ। ਯੂਨੀਵਰਸਿਟੀ ਦੇ ਬਲਦੇਵ ਰਾਜ ਮਿੱਤਲ ਯੂਨੀਪੋਲਿਸ ਵਿਖੇ ਆਯੋਜਿਤ, ਨਵੀਨਤਾਵਾਂ ਅਤੇ ਰਚਨਾਵਾਂ ਨਾਲ ਭਰਪੂਰ ਇਸ ਈਵੈਂਟ ਵਿੱਚ ਆਟੋਮੋਟਿਵ ਸੈਕਟਰ ਵਿੱਚ ਵਾਤਾਵਰਣ-ਅਨੁਕੂਲ ਤਕਨਾਲੋਜੀ ਅਤੇ ਡਿਜ਼ਾਈਨ ਵਿੱਚ ਨਵੀਨਤਮ ਪ੍ਰਦਰਸ਼ਨ ਕੀਤਾ ਗਿਆ। ਇਸ ਦੇ ਲਈ ਦੇਸ਼ ਭਰ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਦੀਆਂ 21 ਟੀਮਾਂ ਨੇ ਆਪਣੀ ਵਿਅਕਤੀਗਤ ਸਰਵੋਤਮਤਾ ਨੂੰ ਪ੍ਰਦਰਸ਼ਤ ਕਰਨ ਲਈ ਐਲ ਪੀ ਯੂ ਦੀਆਂ ਚੌੜੀਆਂ ਸੜਕਾਂ 'ਤੇ ਆਪਣੇ ਸਵੈ-ਨਿਰਮਿਤ ਮਨੁੱਖੀ-ਇਲੈਕਟ੍ਰਿਕ ਹਾਈਬ੍ਰਿਡ ਵਾਹਨਾਂ ਦੀ ਦੌੜ ਲਗਾਈ।ਅਤਿ-ਆਧੁਨਿਕ ਇੰਜਨੀਅਰਿੰਗ ਤੋਂ ਲੈ ਕੇ ਟਿਕਾਊ ਆਵਾਜਾਈ ਹੱਲਾਂ ਤੱਕ, ਐਫੀ-ਸਾਈਕਲ-2024 ਮੁਕਾਬਲੇ ਨੇ ਭਵਿੱਖ ਲਈ ਤਿਆਰ ਵਾਹਨਾਂ ਦੇ ਨਾਲ ਹੋਰ ਵੇਖਣ ਵਾਲੇ ਵਿਦਿਆਰਥੀਆਂ ਨੂੰ ਵੀ ਪ੍ਰੇਰਿਤ ਕੀਤਾ। ਸ਼ਾਨਦਾਰ ਸਮਾਪਤੀ ਸਮਾਰੋਹ ਦੌਰਾਨ ਬੇਮਿਸਾਲ ਹੁਨਰਮੰਦ ਟੀਮਾਂ ਨੂੰ ਉਨ੍ਹਾਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਅਤੇ ਨਵੀਨਤਾ ਦੀ ਭਾਵਨਾ ਲਈ ਸਨਮਾਨਤ ਕੀਤਾ ਗਿਆ । ਸੰਸਦ ਮੈਂਬਰ (ਰਾਜ ਸਭਾ) ਅਤੇ ਐਲ ਪੀ ਯੂ ਦੇ ਸੰਸਥਾਪਕ ਚਾਂਸਲਰ ਡਾ. ਅਸ਼ੋਕ ਕੁਮਾਰ ਮਿੱਤਲ ਨੇ ਵੱਖ-ਵੱਖ ਟੀਮਾਂ ਨੂੰ ਨਕਦ ਇਨਾਮਾਂ ਨਾਲ ਸਨਮਾਨਤ ਕੀਤਾ। ਸਾਰੇ ਇਨਾਮ ਜੇਤੂਆਂ ਅਤੇ ਹੋਰ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਡਾ. ਮਿੱਤਲ ਨੇ ਉਨ੍ਹਾਂ ਨੂੰ ਗਲੋਬਲ ਸਮਾਜ ਦੀਆਂ ਲੋੜਾਂ ਅਨੁਸਾਰ ਹਮੇਸ਼ਾਂ ਨਵੀਨਤਾਕਾਰੀ ਰਹਿਣ ਲਈ ਕਿਹਾ । ਮੁੱਖ ਤਕਨੀਕੀ ਅਧਿਕਾਰੀ ਸੀ ਵੀ ਰਮਨ, ਸਾਬਕਾ ਸੀਨੀਅਰ ਐਮ ਈ ਓ ਆਈ ਵੀ ਰਾਓ, ਅਤੇ ਕਾਰਜਕਾਰੀ ਨਿਰਦੇਸ਼ਕ ਡਾ. ਤਪਨ ਸਾਹੂ, ਸਾਰੇ ਮਾਰੂਤੀ ਸੁਜ਼ੂਕੀ ਤੋਂ; ਅਤੇ ਸਾਬਕਾ ਡਾਇਰੈਕਟਰ ਇਵੈਂਟ ਨੇ ਵਿਦਿਆਰਥੀਆਂ ਨੂੰ ਮਨੁੱਖੀ-ਇਲੈਕਟ੍ਰਿਕ ਹਾਈਬ੍ਰਿਡ ਪਾਵਰ ਦੁਆਰਾ ਸੰਚਾਲਿਤ ਵਾਹਨਾਂ ਦੀ ਧਾਰਨਾ, ਡਿਜ਼ਾਈਨ ਅਤੇ ਫੈਬਰੀਕੇਟ ਕਰਨ ਲਈ ਪ੍ਰੇਰਿਤ ਕੀਤਾ। ਇਹ ਰੋਜ਼ਾਨਾ ਗਤੀਸ਼ੀਲਤਾ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਵਾਲੇ ਦੋ ਯਾਤਰੀਆਂ ਦੇ ਬੈਠਣ ਦੇ ਯੋਗ ਵੀ ਹੋਣਾ ਚਾਹੀਦਾ ਸੀ । ਵਾਹਨਾਂ ਨੂੰ ਐਰੋਡਾਇਨਾਮਿਕ, ਪ੍ਰਦਰਸ਼ਨ ਅਤੇ ਸੁਰੱਖਿਆ ਲਈ ਇੰਜੀਨੀਅਰਿੰਗ ਅਤੇ ਐਰਗੋਨੋਮਿਕ ਤੌਰ 'ਤੇ ਡਿਜ਼ਾਈਨ ਕਰਨ ਦੀ ਵੀ ਲੋੜ ਸੀ। ਮੁਕਾਬਲੇ ਤਿੰਨ ਭਾਗਾਂ ਵਿੱਚ ਆਯੋਜਿਤ ਕੀਤੇ ਗਏ ਸਨ ।

# ਭਾਜਪਾ 'ਚ ਪੁਰਾਣੇ ਵਰਕਰ ਦੁਬਾਰਾ ਸ਼ਾਮਲ

**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)-** ਭਾਰਤੀ ਜਨਤਾ ਪਾਰਟੀ ਨੂੰ ਉਦੋਂ ਬਹੁਤ ਵੱਡਾ ਬਲ ਮਿਲਿਆ ਬੀ ਜੇ ਪੀ ਪਾਰਟੀ ਵਿਚ ਪੁਰਾਣੇ ਵਰਕਰ ਦੁਬਾਰਾ ਸ਼ਾਮਲ ਹੋ ਗਏ।ਸੰਜੀਵ ਭਾਰਦਵਾਜ, ਰਾਜਵਿੰਦਰ ਸਿੰਘ ਲੱਕੀ, ਸੀਨੀਅਰ ਨੇਤਾ ਭਾਜਪਾ ਅਸ਼ਵਨੀ ਕੁਮਾਰ ਧੀਰ ਸ਼ਹੀਦ ਭਗਤ ਸਿੰਘ ਨਗਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਨਮਰਤਾ ਖੰਨਾ, ਕਰਣ ਦੀਵਾਨ, ਬਹਾਦੁਰ ਚੰਦ ਅਰੋੜਾ, ਹਰਵਿੰਦਰ ਸਿੰਘ ਚੌਹਾਨ ਚੰਡੀਗੜ੍ਹ ਬੀ ਜੇ ਪੀ ਦਫਤਰ ਸਟੇਟ ਪ੍ਰਧਾਨ ਸੁਨੀਲ ਜਾਖੜ ਦੀ ਹਾਜ਼ਰੀ 'ਚ ਸੰਜੀਵ ਭਾਰਦਵਾਜ, ਰਾਜਵਿੰਦਰ ਸਿੰਘ ਲੱਕੀ, ਸੀਨੀਅਰ ਨੇਤਾ ਭਾਜਪਾ ਅਸ਼ਵਨੀ ਕੁਮਾਰ ਧੀਰ ਦੀ ਮੌਜੂਦਗੀ ਵਿਚ ਸ਼ਾਮਲ ਕਰਵਾਇਆ। ਉਨ੍ਹਾਂ ਕਿਹਾ ਕਿ ਪੁਰਾਣੇ ਵਰਕਰਾਂ ਆਉਣ ਨਾਲ ਬੀ ਜੇ ਪੀ ਨੂੰ ਬਹੁਤ ਵੱਡਾ ਬਲ ਮਿਲਿਆ ਹੈ ਕਿਉਕਿ ਜਿਥੇ ਉਹ ਬਹੁਤ ਸਾਫ ਸ਼ਵੀ ਦੇ ਮਾਲਕ, ਇਮਾਨਦਾਰ ਅਤੇ ਮਿਹਨਤੀ ਇਨਸਾਨ ਹਨ, ਉਥੇ ਇਲਾਕੇ ਵਿਚ ਉਨ੍ਹਾਂ ਦਾ ਬਹੁਤ ਮਾਣ ਸਨਮਾਨ ਹੈ। ਸੀਨੀਅਰ ਨੇਤਾ ਭਾਜਪਾ ਅਸ਼ਵਨੀ ਕੁਮਾਰ ਧੀਰ ਨੇ ਕਿਹਾ ਕਿ ਉਹ ਇਸ ਤਰ੍ਹਾਂ ਦੀਆਂ ਬੇਦਾਗ ਸ਼ਖਸੀਅਤਾਂ ਦਾ ਹਮੇਸ਼ਾ ਸਵਾਗਤ ਦਿਨ ਪ੍ਰਤੀਦਿਨ ਵਧਾਉਣ ਵਿਚ ਕੋਸ਼ਿਸ਼ ਕਰਦੇ ਰਹਿਣਗੇ।ਇਸ ਮੌਕੇ ਰਾਜਵਿੰਦਰ ਸਿੰਘ ਲੱਕੀ, ਸੀਨੀਅਰ ਨੇਤਾ ਭਾਜਪਾ ਅਸ਼ਵਨੀ ਕੁਮਾਰ ਧੀਰ, ਸੰਜੀਵ ਭਾਰਦਵਾਜ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਪਾਰਟੀ ਦੀ ਨੀਤੀਆਂ ਨੂੰ ਘਰ ਘਰ ਪਹੁੰਚਾਉਣ ਲਈ ਸਾਰੇ ਵਰਕਰਾਂ ਨੂੰ ਇਕਜੁੱਟ ਹੋਣ ਦੀ ਅਪੀਲ ਕੀਤੀ। ਨਮਰਤਾ ਖੰਨਾ, ਕਰਣ ਦੀਵਾਨ, ਬਹਾਦੁਰ ਚੰਦ ਅਰੋੜਾ, ਹਰਵਿੰਦਰ ਸਿੰਘ ਚੌਹਾਨ ਨੇ ਪਾਰਟੀ ਹਾਈਕਮਾਂਡ ਸਮੇਤ ਸਮੁੱਚੀ ਟੀਮ ਦਾ ਮਾਣ ਬਖਸ਼ਣ 'ਤੇ ਧੰਨਵਾਦ ਕੀਤਾ।



# ਵਾਲੀਬਾਲ ਟੂਰਨਾਮੈਂਟ ਤੇ ਬੱਚਿਆਂ ਦੀਆਂ ਖੇਡਾਂ ਕਰਵਾਈਆਂ



**ਜਲੰਧਰ ( ਇਕਬਾਲ ਸਿੰਘ ਉੱਭੀ )-** ਸਥਾਨਕ ਰਾਮਾਂਮੰਡੀ ਤੋਂ ਹੁਸ਼ਿਆਰਪੁਰ ਮਾਰਗ ਤੇ ਥੋੜ੍ਹੀ ਦੂਰ ਸਥਿਤ ਪਿੰਡ ਭੋਜੋਵਾਲ ਵਿਖੇ ਗਣਤੰਤਰ ਦਿਵਸ ਨੂੰ ਸਮਰਪਿਤ ਵਾਲੀਬਾਲ ਟੂਰਨਾਮੈਂਟ ਅਤੇ ਬੱਚਿਆਂ ਦੀਆਂ ਖੇਡਾਂ ਕਰਵਾਈਆਂ ਗਈਆਂ।ਇਸ ਬਾਰੇ ਆਮ ਆਦਮੀ ਪਾਰਟੀ ਦੇ ਸੀਨੀਅਰ ਮੈਂਬਰ ਸੁਖਵਿੰਦਰ ਸਿੰਘ ਸੁੱਖਾ ਨੇ ਦੱਸਿਆ ਕਿ ਪਿਛਲੇ ਕਈ ਸਾਲਾਂ ਤੋਂ ਪੰਚਾਇਤ ਵੱਲੋਂ ਪਿੰਡ ਦੇ ਖੇਡ ਮੈਦਾਨ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ ਸੀ ਜਿਸ ਕਾਰਨ ਪਿੰਡ ਦੇ ਬੱਚਿਆਂ ਅਤੇ ਪਿੰਡ ਵਾਸੀਆਂ ਨੂੰ ਖੇਡਣਾ ਤੇ ਸੈਰ ਕਰਨ ਲਈ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਉਨ੍ਹਾਂ ਦੱਸਿਆ ਕਿ ਹੁਣ ਪਿੰਡ ਵਾਸੀਆਂ ਦੀ ਮਦਦ ਨਾਲ ਗਰਾਊਂਡ ਦੀ ਸਫਾਈ ਕਰਵਾਈ ਗਈ ਅਤੇ ਦੁਆਰਾ ਪੋਲ ਲਗਾ ਕੇ ਵਾਲੀਬਾਲ ਦੀ ਗਰਾਊਂਡ ਤਿਆਰ ਕਰਵਾਈ ਗਈ ਹੈ ਤਾਂ ਜੋ ਬੱਚੇ ਅਤੇ ਵੱਡੇ ਇਥੇ ਆ ਕੇ ਖੇਡ ਸਕਣ ਤੇ ਸੈਰ ਕਰ ਸਕਣ । ਇਸ ਮੌਕੇ ਮੁੱਖ ਮਹਿਮਾਨ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਬੂਟਾ ਸਿੰਘ ਪਤਾਰਾ ਨੇ ਪਿੰਡ ਵਾਸੀਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਵਲੋਂ ਬੱਚਿਆਂ ਨੂੰ ਖੇਡਾਂ ਨਾਲ ਜੋੜ ਕੇ ਨਸ਼ਿਆਂ ਤੋਂ ਦੂਰ ਰੱਖਣ ਦਾ ਇਹ ਵਧੀਆ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਮੈਂ ਜਲਦੀ ਹੀ ਹਲਕਾ ਇੰਚਾਰਜ ਨੂੰ ਮਿਲ ਕੇ ਸਰਕਾਰ ਵਲੋਂ ਖੇਡਾਂ ਦੇ ਵਿਕਾਸ ਲਈ ਅਤੇ ਗਰਾਊਂਡ ਲਈ ਫੰਡ ਮੁਹੱਈਆ ਕਰਵਾਉਣ ਦੀ ਕੋਸ਼ਿਸ਼ ਕਰਾਂਗਾ । ਇਸ ਮੌਕੇ ਸੀਨੀਅਰ ਖਿਡਾਰੀ ਅਤੇ ਕੋਚ ਜਸਪਾਲ ਸਿੰਘ ਵੱਸਣ, ਕਾਲਾ ਮੁਜੱਫਰਪੁਰ, ਜਗਦੀਪ ਸਿੰਘ, ਬਾਬਾ ਨਿੱਕੂ ਅਤੇ ਹੋਰ ਪਿੰਡ ਵਾਸੀ ਹਾਜ਼ਰ ਸਨ ।

# ਲਾਇਲਪੁਰ ਖ਼ਾਲਸਾ ਕਾਲਜ ਦੇ ਪ੍ਰੋਫੈਸਰ ਜਸਵਿੰਦਰ ਕੌਰ ਹੋਏ ਸੇਵਾ-ਮੁਕਤ

**ਜਲੰਧਰ ( ਸ਼ੈਲੀ ਐਲਬਰਟ):-** ਵਿੱਦਿਆ ਦੇ ਖੇਤਰ ਦੀ ਨਾਮਵਰ ਸੰਸਥਾ ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਦੇ ਸਮੂਹ ਸਟਾਫ ਅਤੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਦੀ ਅਗਵਾਈ ਵਿਚ ਜੁਆਲੋਜੀ ਵਿਭਾਗ ਦੇ ਮੁਖੀ ਪ੍ਰੋ. ਜਸਵਿੰਦਰ ਕੌਰ ਦੀ ਰਿਟਾਇਰਮੈਂਟ ਮੌਕੇ ਉਨ੍ਹਾਂ ਨੂੰ ਪ੍ਰਭਾਵਸ਼ਾਲੀ ਵਿਦਾਇਗੀ ਪਾਰਟੀ ਦਿੱਤੀ ਗਈ। ਸਮਾਗਮ ਦੇ ਸ਼ੁਰੂ ਵਿੱਚ ਪ੍ਰੋ. ਜਸਵਿੰਦਰ ਕੌਰ ਅਤੇ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਦਾ ਸਵਾਗਤ ਫੁੱਲਾਂ ਦੇ ਗੁਲਦਸਤੇ ਦੇ ਕੇ ਕੀਤਾ। ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਪ੍ਰੋ. ਜਸਵਿੰਦਰ ਕੌਰ ਦੇ ਅਧਿਆਪਨ ਕਾਲ ਅਤੇ ਉਨ੍ਹਾਂ ਦੀਆਂ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪ੍ਰੋ. ਜਸਵਿੰਦਰ ਕੌਰ ਨੇ ਕਾਲਜ ਦੇ ਜੁਆਲੋਜੀ ਵਿਭਾਗ ਵਿਚ 28 ਸਾਲ ਬਤੌਰ ਅਧਿਆਪਕ ਅਤੇ ਮੁਖੀ ਵਜੋਂ ਸੇਵਾ ਨਿਭਾਈ। ਇਸ ਸਮੇਂ ਦੌਰਾਨ ਉਨ੍ਹਾਂ ਸਮੇਂ-ਸਮੇਂ 'ਤੇ ਕਾਲਜ ਵਲੋਂ ਦਿੱਤੇ ਗਏ ਮਹੱਤਵਪੂਰਨ ਅਹੁਦਿਆਂ 'ਤੇ ਵੀ ਬੜੀ ਲਗਨ ਨਾਲ ਕੰਮ ਕੀਤਾ। ਸਟਾਫ ਸੈਕਟਰੀ ਡਾ. ਰਛਪਾਲ ਸਿੰਘ ਸੰਧੂ ਨੇ ਵੀ ਸਟਾਫ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪ੍ਰੋ. ਜਸਵਿੰਦਰ ਕੌਰ ਨੇ ਕਾਲਜ ਵਿਖੇ ਪੜ੍ਹਾਉਂਦਿਆਂ ਵੱਡੀਆਂ ਪ੍ਰਾਪਤੀਆਂ ਕੀਤੀਆਂ। ਉਨ੍ਹਾਂ ਕਿਹਾ ਕਿ ਉਹ ਇਕ ਚੰਗੇ ਅਧਿਆਪਕ ਹੀ ਨਹੀਂ ਸਗੋਂ ਵਧੀਆਂ ਇਨਸਾਨ ਵੀ ਹਨ, ਜੋ ਸਮੇਂ-ਸਮੇਂ 'ਤੇ ਵਿਦਿਆਰਥੀਆਂ ਦੀ ਹਰ ਸੰਭਵ ਮਦਦ ਕਰਦੇ ਰਹੇ ਹਨ। ਇਸ ਮੌਕੇ ਕਾਲਜ ਵਲੋਂ ਪ੍ਰੋ. ਜਸਵਿੰਦਰ ਕੌਰ ਨੂੰ ਦਿੱਤਾ ਗਿਆ ਸ਼ੋਭਾ ਪੱਤਰ ਪ੍ਰੋ. ਜਸਰੀਨ ਕੌਰ ਵਾਇਸ ਪ੍ਰਿੰਸੀਪਲ ਵਲੋਂ ਪੜ੍ਹਿਆ ਗਿਆ। ਪ੍ਰੋ. ਜਸਵਿੰਦਰ ਕੌਰ ਨੇ ਇਸ ਮੌਕੇ ਕਿਹਾ ਕਿ ਕਾਲਜ ਨੇ ਤੇ ਇਥੋਂ ਦੇ ਸਟਾਫ ਨੇ ਜਿਹੜਾ ਮਾਣ ਸਤਿਕਾਰ ਮੈਨੂੰ ਦਿੱਤਾ ਹੈ ਉਸ ਨੂੰ ਸਾਰੀ ਜ਼ਿੰਦਗੀ ਨਹੀਂ ਭੁਲਾ ਸਕਦੀ ਅਤੇ ਇਹ ਕਾਲਜ ਸਦਾ ਦਿਨ ਦੁਗਣੀ ਤੇ ਰਾਤ ਚੌਗਣੀ ਤਰੱਕੀ ਕਰਦਾ ਰਹੇ। ਉਨ੍ਹਾਂ ਕਿਹਾ ਕਿ ਭਵਿੱਖ ਵਿਚ ਜਦੋਂ ਵੀ ਕਦੇ ਕਾਲਜ ਨੂੰ ਮੇਰੀ ਜ਼ਰੂਰਤ ਮਹਿਸੂਸ ਹੋਵੇਗੀ ਮੈਂ ਹਾਜ਼ਰ ਰਹਾਂਗੀ। ਉਨ੍ਹਾਂ ਇਸ ਮੌਕੇ ਸਰਦਾਰਨੀ ਬਲਬੀਰ ਕੌਰ ਪ੍ਰਧਾਨ ਗਵਰਨਿੰਗ ਕੌਂਸਲ ਦਾ ਉਨ੍ਹਾਂ ਨੂੰ ਤੇ ਵਿਭਾਗ ਨੂੰ ਦਿੱਤੇ ਸਹਿਯੋਗ ਲਈ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ । ਇਸ ਸਮੇਂ ਸਮੂਹ ਟੀਚਿੰਗ ਸਟਾਫ ਮੈਂਬਰਾਨ ਹਾਜ਼ਰ ਸਨ। ਸਟੇਜ ਸੰਚਾਲਕ ਦੀ ਸੇਵਾ ਡਾ. ਰਛਪਾਲ ਸਿੰਘ ਸੰਧੂ ਨੇ ਬਾਖੂਬੀ ਨਿਭਾਈ।



# ਭਾਰਤੀ ਕਿਸਾਨ ਮਜ਼ਦੂਰ ਯੂਨੀਅਨ ਵੱਲੋਂ ਹਲਕਾ ਸ਼ਾਮ 84 ਵਿਖੇ ਨਵ-ਨਿਯੁਕਤੀਆਂ



**ਭੋਗਪੁਰ:-( ਗੁਰਪ੍ਰੀਤ ਸਿੰਘ ਭੋਗਲ)-**ਭੋਗਪੁਰ ਨਜ਼ਦੀਕ ਪੈਂਦੇ ਪਿੰਡ ਕਾਲੂਵਾਹਰ ਵਿਖੇ ਭਾਰਤੀ ਕਿਸਾਨ ਮਜ਼ਦੂਰ ਯੂਨੀਅਨ ਪੰਜਾਬ ਦੇ ਪ੍ਰਧਾਨ ਦਿਲਬਾਗ ਸਿੰਘ ਗਿੱਲ ਦੇ ਦਿਸ਼ਾ ਨਿਰਦੇਸ਼ ਤੇ ਅਮਰੀਕ ਸਿੰਘ ਸੀਕਰੀ ਸੀਨੀਅਰ ਵਾਈਸ ਪ੍ਰਧਾਨ ਪੰਜਾਬ ਵੱਲੋਂ ਇੱਕ ਅਹਿਮ ਮੀਟਿੰਗ ਅਵਤਾਰ ਸਿੰਘ ਖਾਲਸਾ ਪਿੰਡ ਕਲੂਵਾਹਰ ਦੇ ਗ੍ਰਹਿ (ਸੋਢੀ ਫਾਰਮ) ਵਿਖੇ ਕੀਤੀ ਗਈ। ਇਸ ਮੌਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਵੱਖ-ਵੱਖ ਪਿੰਡਾਂ ਦੇ ਸਰਕਲਾਂ ਦੇ ਅਹੁਦੇਦਾਰਾਂ ਦੀ ਚੋਣ ਕੀਤੀ ਗਈ ਜਿਸ ਵਿੱਚ ਸਰਕਲ ਹਲਕਾ ਸ਼ਾਮ 84 ਤੋਂ ਅਵਤਾਰ ਸਿੰਘ ਖਾਲਸਾ ਨੂੰ ਪ੍ਰਧਾਨ ਅਤੇ ਜਨਰਲ ਸਕੱਤਰ ਹੁਸ਼ਿਆਰਪੁਰ ਨਿਯੁਕਤ ਕੀਤਾ ਗਿਆ। ਇਸ ਮੌਕੇ ਅਵਤਾਰ ਸਿੰਘ ਖਾਲਸਾ ਨੇ ਕਿਹਾ ਕਿ ਜੋ ਮੈਨੂੰ ਜ਼ਿੰਮੇਵਾਰੀ ਸੌਂਪੀ ਹੈ ਇਸ ਨੂੰ ਮੈਂ ਤਨਦੇਹੀ ਨਾਲ ਨਿਭਾਵਾਂਗਾ। ਇਸ ਤੋਂ ਇਲਾਵਾ ਮਨਜਿੰਦਰ ਸਿੰਘ ਸਰਕਲ ਪ੍ਰਧਾਨ ਬੁੱਲ੍ਹੋਵਾਲ, ਪ੍ਰਭਸਿਮਰਨ ਸਿੰਘ ਪ੍ਰਧਾਨ ਨੰਦਾਚੌਰ, ਮਨਪ੍ਰੀਤ ਸਿੰਘ ਪ੍ਰਧਾਨ ਸਰਕਲ ਹਰਿਆਣਾ, ਬਲਜਿੰਦਰ ਸਿੰਘ ਪ੍ਰਧਾਨ ਰੇਰੂ ਜਲੰਧਰ, ਪ੍ਰਦੀਪ ਸਿੰਘ ਪ੍ਰਧਾਨ ਲਾਂਬੜਾ, ਸਿਮਰਜੀਤ ਸਿੰਘ ਪ੍ਰਧਾਨ ਨਸਰਾਲਾ, ਰਸ਼ਪਾਲ ਸਿੰਘ ਪ੍ਰਧਾਨ ਸਰਕਲ ਸੂਸਾਂ, ਜਸਪ੍ਰੀਤ ਸਿੰਘ ਪ੍ਰਧਾਨ ਕਠਾਰ, ਲਵਦੀਪ ਰਾਏ ਪ੍ਰਧਾਨ ਭੋਗਪੁਰ ਅਤੇ ਸੁਖਦੇਵ ਸਿੰਘ ਨੂੰ ਸਰਕਲ ਪਿੱਪਲਾਂ ਵਾਲਾ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਇਹਨਾਂ ਤੋਂ ਇਲਾਵਾ ਹੋਰ ਨਿਯੁਕਤੀਆਂ ਜਲਦ ਹੀ ਕੀਤੀਆਂ ਜਾਣਗੀਆਂ। ਇਸ ਮੌਕੇ ਚੁਣੇ ਗਏ ਅਹੁਦੇਦਾਰਾਂ ਨੂੰ ਨਿਯੁਕਤੀ ਪੱਤਰ ਦੇ ਕੇ ਅਤੇ ਹਾਰ ਪਾ ਕੇ ਸਨਮਾਨਤ ਕੀਤਾ ਗਿਆ।

# ਇੰਪੀਰੀਅਲ ਸਕੂਲ ਗ੍ਰੀਨ ਕੈਂਪਸ ਵਿਖੇ 75ਵਾਂ ਗਣਤੰਤਰ ਦਿਵਸ ਮਨਾਇਆ



**ਆਦਮਪੁਰ (ਪਰਮਜੀਤ ਸਿੰਘ)-**ਇੰਪੀਰੀਅਲ ਸਕੂਲ ਗ੍ਰੀਨ ਕੈਂਪਸ ਆਦਮਪੁਰ ਵਿਖੇ 75ਵਾਂ ਗਣਤੰਤਰ ਦਿਵਸ ਬੜੀ ਧੂਮਧਾਮ ਨਾਲ ਮਨਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਰਾਸ਼ਟਰੀ ਝੰਡਾ ਲਹਿਰਾਉਣ ਅਤੇ ਰਾਸ਼ਟਰੀ ਗੀਤ ਗਾ ਕੇ ਕੀਤੀ ਗਈ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਚੇਅਰਮੈਨ ਜਗਦੀਸ਼ ਲਾਲ, ਡਾਇਰੈਕਟਰ ਜਗਮੋਹਨ ਅਰੋੜਾ, ਦੀ ਇੰਪੀਰੀਅਲ ਸਕੂਲ ਸਿਟੀ ਕੈਂਪਸ ਪ੍ਰਿੰਸੀਪਲ ਪੂਜਾ ਠਾਕੁਰ, ਯੂਰੋ ਕਿਡਜ਼ ਸਕੂਲ ਆਦਮਪੁਰ ਦੇ ਪ੍ਰਿੰਸੀਪਲ ਦੀਪਾ ਪਾਂਡੇ ਮੁੱਖ ਮਹਿਮਾਨ ਵਜੋਂ ਸ਼ਾਮਲ ਸਨ।ਸਕੂਲ ਦੇ ਪ੍ਰਿੰਸੀਪਲ ਸਵਿੰਦਰ ਕੌਰ ਮੱਲ੍ਹੀ ਨੇ ਸਾਰੇ ਮੁੱਖ ਮਹਿਮਾਨਾਂ ਦਾ ਸੁਆਗਤ ਕੀਤਾ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਚੀਫ਼ ਅਕੈਡਮਿਕ ਅਡਵਾਈਜ਼ਰ ਸੁਸ਼ਮਾ ਵਰਮਾ, ਕੋਆਰਡੀਨੇਟਰ ਰੈਨੂੰ ਚਾਹਲ ਅਤੇ ਸਮੂਹ ਸਟਾਫ਼ ਵੀ ਮੌਜੂਦ ਸਨ।ਡਾਇਰੈਕਟਰ ਜਗਮੋਹਨ ਅਰੋੜਾ ਨੇ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਨੂੰ ਗਣਤੰਤਰ ਦਿਵਸ ਦੀਆਂ ਸ਼ੁੱਭਕਾਮਨਾਵਾਂ ਦਿੰਦੇ ਹੋਏ ਉਨ੍ਹਾਂ ਨੂੰ ਭਾਰਤੀ ਸੰਵਿਧਾਨ ਦਾ ਸਤਿਕਾਰ ਕਰਨ, ਆਪਣੇ ਅਧਿਕਾਰਾਂ, ਅਤੇ ਫਰਜ਼ਾਂ ਪ੍ਰਤੀ ਵੀ ਜਾਗਰੂਕ ਹੋਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਹਰ ਦਿਨ ਨੂੰ ਗਣਤੰਤਰ ਦਿਵਸ ਮੰਨ ਕੇ ਦੇਸ਼ ਪ੍ਰਤੀ ਆਪਣਾ ਫਰਜ਼ ਨਿਭਾਉਣ। ਗਣਤੰਤਰ ਦਿਵਸ ਦੇ ਸ਼ੁੱਭ ਮੌਕੇ 'ਤੇ ਵਿਦਿਆਰਥੀਆਂ ਨੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਅਤੇ ਇਸ ਦੇ ਨਾਲ ਹੀ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਵਿਸ਼ੇਸ਼ ਪ੍ਰਾਪਤੀਆਂ ਲਈ ਸਨਮਾਨਤ ਕੀਤਾ ਗਿਆ।ਸਕੂਲ ਪ੍ਰਿੰਸੀਪਲ ਸਵਿੰਦਰ ਕੌਰ ਮੱਲ੍ਹੀ ਨੇ ਦੇਸ਼ ਦੀ ਸ਼ਾਨ ਤਿਰੰਗੇ ਝੰਡੇ ਦੀ ਮਹਾਨਤਾ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਵਿਦਿਆਰਥੀਆਂ ਨੂੰ ਦੇਸ਼ ਵਿੱਚ ਲੋੜਵੰਦਾਂ ਦੀ ਮਦਦ ਕਰਨ ਲਈ ਵੀ ਪ੍ਰੇਰਿਤ ਕੀਤਾ।ਪ੍ਰੋਗਰਾਮ ਦੇ ਅੰਤ ਵਿੱਚ ਸਕੂਲ ਦੇ ਚੇਅਰਮੈਨ ਜਗਦੀਸ਼ ਲਾਲ ਨੇ ਵਿਦਿਆਰਥੀਆਂ ਨੂੰ ਇਸ ਸ਼ੁੱਭ ਮੌਕੇ ਦੀ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਆਪਣੇ ਦੇਸ਼, ਮਾਪਿਆਂ ਅਤੇ ਅਧਿਆਪਕਾਂ ਦਾ ਸਤਿਕਾਰ ਕਰਨ ਦੀ ਸਿੱਖਿਆ ਦਿੱਤੀ।

# ਮਰੀਜ਼ਾਂ ਨੂੰ ਹਸਪਤਾਲ ਦੇ ਅੰਦਰੋਂ ਹੀ ਉਪਲਬੱਧ ਕਰਵਾਈਆਂ ਜਾਣ ਸਾਰੀਆਂ ਦਵਾਈਆਂ: ਡਿਪਟੀ ਕਮਿਸ਼ਨਰ

**ਨਵਾਂਸ਼ਹਿਰ, (ਕੁਲਵਿੰਦਰ ਸਿੰਘ ਦੁਰਗਾਪੁਰੀਆ)-**ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਸਿਵਲ ਹਸਪਤਾਲ ਨਵਾਂਸ਼ਹਿਰ ਵਿਖੇ ਅਚਨਚੇਤ ਚੈਕਿੰਗ ਕਰਕੇ ਡਾਕਟਰਾਂ ਨੂੰ ਸਾਰੀਆਂ ਦਵਾਈਆਂ ਮਰੀਜ਼ਾਂ ਨੂੰ ਹਸਪਤਾਲ ਦੇ ਅੰਦਰੋਂ ਹੀ ਉਪਲਬਧ ਕਰਵਾਉਣ ਸਬੰਧੀ ਸਖ਼ਤ ਨਿਰਦੇਸ਼ ਦਿੱਤੇ। ਇਸ ਤੋਂ ਪਹਿਲਾਂ ਸਿਵਲ ਹਸਪਤਾਲ ਵਿਖੇ ਸਿਵਲ ਸਰਜਨ ਜਸਪ੍ਰੀਤ ਕੌਰ ਅਤੇ ਡਾਕਟਰਾਂ ਨਾਲ ਮੀਟਿੰਗ ਕਰਦੇ ਹੋਏ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਕਿਹਾ ਕਿ ਮੁੱਖ ਮੰਤਰੀ ਵੱਲੋਂ ਸਖ਼ਤ ਨਿਰਦੇਸ਼ ਦਿੱਤੇ ਗਏ ਹਨ ਕਿ ਸਰਕਾਰੀ ਹਸਪਤਾਲਾਂ ਵਿੱਚ ਡਾਕਟਰਾਂ ਵੱਲੋਂ ਲਿਖੀਆਂ ਜਾਣ ਵਾਲੀਆਂ ਦਵਾਈਆਂ ਮਰੀਜ਼ਾਂ ਨੂੰ ਹਸਪਤਾਲ ਦੇ ਅੰਦਰੋਂ ਹੀ ਉਪਲਬਧ ਕਰਵਾਈਆਂ ਜਾਣ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਰਕਾਰੀ ਹਸਪਤਾਲ ਵਿੱਚ 276 ਦਵਾਈਆਂ ਪਹਿਲਾਂ ਹੀ ਲਾਜ਼ਮੀ ਦਵਾਈਆਂ ਦੀ ਸੂਚੀ ਵਿੱਚ ਸ਼ਾਮਲ ਕੀਤੀਆਂ ਗਈਆਂ ਹਨ। ਲਾਜ਼ਮੀ ਦਵਾਈਆਂ ਦੀ ਸੂਚੀ ਤੋਂ ਇਲਾਵਾ ਹੋਰ ਦਵਾਈਆਂ ਦੀ ਖਰੀਦ ਲਈ ਕਾਰਜ ਵਿਧੀ (ਸਟੈਂਡਰਡ ਅਪਰੇਟਿੰਗ ਪ੍ਰੋਸੀਜਰ) ਜਾਰੀ ਕੀਤੀ ਗਈ ਹੈ ਅਤੇ ਮਰੀਜ਼ਾਂ ਨੂੰ ਦਵਾਈਆਂ ਉਪਲਬਧ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਡਾਕਟਰ ਅਤੇ ਸਬੰਧਤ ਅਧਿਕਾਰੀਆਂ ਨੂੰ ਕਿਹਾ ਕਿ ਸੀ.ਐਮ. ਵੱਲੋਂ ਦਿੱਤੇ ਗਏ ਇਨ੍ਹਾਂ ਨਿਰਦੇਸ਼ਾਂ ਦੀ ਇੰਨ-ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ ਅਤੇ ਸਾਰੀਆਂ ਦਵਾਈਆਂ ਹਸਪਤਾਲ ਅੰਦਰੋਂ ਹੀ ਮਰੀਜ਼ਾਂ ਨੂੰ ਉਪਲਬਧ ਕਰਵਾਈਆਂ ਜਾਣ।ਇਸ ਤੋਂ ਬਾਅਦ ਡਿਪਟੀ ਕਮਿਸ਼ਨਰ ਨੇ ਹਸਪਤਾਲ ਦੇ ਬਾਹਰ ਸਥਿਤ ਦਵਾਈਆਂ ਦੀਆਂ ਦੁਕਾਨਾਂ ਦੇ ਮਾਲਕਾਂ ਦੇ ਨਾਲ ਗੱਲਬਾਤ ਕੀਤੀ। ਉਨ੍ਹਾਂ ਦੱਸਿਆ ਕਿ ਤਕਰੀਬਨ ਸਾਰੀਆਂ ਦਵਾਈਆਂ ਹੁਣ ਮਰੀਜ਼ਾਂ ਨੂੰ ਹਸਪਤਾਲ ਦੇ ਅੰਦਰੋਂ ਹੀ ਮਿਲ ਰਹੀਆਂ ਹਨ ਅਤੇ ਦਵਾਈਆਂ ਦੀ ਵਿਕਰੀ ਵਿੱਚ ਵੀ ਕਮੀ ਆਈ ਹੈ। ਉਨ੍ਹਾਂ ਨੇ ਕਿਹਾ ਕਿ ਸਿਵਲ ਹਸਪਤਾਲ ਦੇ ਅੰਦਰੋਂ ਵੀ ਸਾਰੀਆਂ ਦਵਾਈਆਂ ਉਪਲਬਧ ਕਰਵਾਈਆਂ ਜਾ ਰਹੀਆਂ ਹਨ ਅਤੇ ਇਸ ਤੋਂ ਇਲਾਵਾ 14 ਪ੍ਰਾਈਵੇਟ ਹਸਪਤਾਲ ਵੀ ਇਮਪੈਂਲਡ ਕੀਤੇ ਗਏ ਹਨ ਅਤੇ ਜੇਕਰ ਕੋਈ ਟੈਸਟ ਹਸਪਤਾਲ ਅੰਦਰੋਂ ਉਪਲਬਧ ਨਹੀਂ ਹੁੰਦਾ ਤਾਂ ਉਹ ਇਮਪੈਂਲਡ ਕੀਤੇ ਗਏ ਹਸਪਤਾਲਾਂ ਵਿਚੋਂ ਸਰਕਾਰੀ ਰੇਟਾਂ 'ਤੇ ਟੈਸਟ ਉਪਲਬਧ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਜੇਕਰ ਕੋਈ ਦਵਾਈ ਹਸਪਤਾਲ ਅੰਦਰ ਉਪਲਬਧ ਨਹੀਂ ਹੈ ਤਾਂ ਸਬੰਧਤ ਡਾਕਟਰ ਵੱਲੋਂ ਇਹ ਦਵਾਈ ਉਪਲਬਧ ਕਰਵਾਈ ਜਾਵੇਗੀ।ਇਸ ਮੌਕੇ ਸਿਵਲ ਸਰਜਨ ਜਸਪ੍ਰੀਤ ਕੌਰ, ਡੀ.ਐਮ.ਸੀ. ਨਵਾਂਸ਼ਹਿਰ ਡਾ. ਹਰਪ੍ਰੀਤ ਸਿੰਘ, ਡੀ.ਐਚ ਐਸ.ਐਮ.ਓ ਡਾ. ਸਤਵਿੰਦਰ ਪਾਲ ਸਿੰਘ, ਬੰਗਾ ਐਸ.ਐਮ.ਓ. ਡਾ. ਜਸਵਿੰਦਰ ਸਿੰਘ, ਮੁਕੰਦਪੁਰ ਐਸ.ਐਮ.ਓ. ਡਾ. ਰਵਿੰਦਰ ਕੁਮਾਰ, ਸੜੋਆ ਐਸ.ਐਮ.ਓ ਡਾ. ਗੁਰਿੰਦਰਜੀਤ ਸਿੰਘ, ਡਾ. ਗੀਤਾਂਜਲੀ, ਡਾ. ਸੋਨੀਆ, ਡਾ. ਨਿਰੰਜਨ ਪਾਲ ਸਿੰਘ ਅਤੇ ਸਬੰਧਤ ਅਧਿਕਾਰੀ ਹਾਜ਼ਰ ਸਨ।



# ਘਰ-ਘਰ ਆਟਾ ਸਪਲਾਈ ਦੀ ਯੋਜਨਾ ਡੀਪੂ ਹੋਲਡਰਾਂ ਦਾ ਰੁਜ਼ਗਾਰ ਖਤਮ ਕਰਨ ਦਾ ਏਜੰਡਾ

**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)-** ਘਰ ਘਰ ਆਟਾ ਸਪਲਾਈ ਦੀ ਨਵੀਂ ਯੋਜਨਾ ਤਹਿਤ ਪੰਜਾਬ ਸਰਕਾਰ 22 ਹਜ਼ਾਰ ਡੀਪੂ ਹੋਲਡਰਾਂ ਦਾ ਰੁਜ਼ਗਾਰ ਖਤਮ ਕਰਨ ਲਈ ਤਜਵੀਜ਼ ਲੈ ਕੇ ਆ ਰਹੀ ਹੈ ਜਿਸ ਤਹਿਤ ਸਾਰਾ ਕੰਮ ਇਕੋ ਹੀ ਕਾਰਪੋਰੇਟ ਕੰਪਨੀ ਦੇ ਹਵਾਲੇ ਕੀਤਾ ਜਾਣਾ ਹੈ। ਇਹ ਚਿੰਤਾ ਸਾਥੀ ਕਰਨ ਸਿੰਘ ਰਾਣਾ ਸਵਾਈ ਜਨਰਲ ਸਕੱਤਰ ਸਾਂਝਾ ਕਿਸਾਨ ਮਜ਼ਦੂਰ ਮੋਰਚਾ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਜ਼ਾਹਰ ਕੀਤੀ। ਸਾਥੀ ਰਾਣਾ ਨੇ ਕਿਹਾ ਕਿ ਜਿਸ ਤਰ੍ਹਾਂ ਕੇਂਦਰ ਸਰਕਾਰ ਕਾਰਪੋਰੇਟ ਦੇ ਹਿਤਾਂ ਦੀ ਰਾਖੀ ਕਰ ਰਹੀ ਹੈ ਉਸੇ ਤਰਜ਼ 'ਤੇ ਸੂਬਾ ਸਰਕਾਰ ਵੱਲੋਂ ਕੰਮ ਕਰਨਾ ਪੰਜਾਬ ਦੇ ਹਿੱਤਾਂ ਵਿੱਚ ਨਹੀਂ ਹੋਵੇਗਾ। ਪੰਜਾਬ ਪਹਿਲਾਂ ਹੀ ਮਾਰੂ ਨਸ਼ਿਆਂ ਦੀ ਮਾਰ ਹੇਠ ਹੈ ਜੋ ਕਿ ਪੰਜਾਬ ਦੇ ਲੋਕਾਂ ਲਈ ਵੱਡਾ ਚਿੰਤਾ ਦਾ ਵਿਸ਼ਾ ਹੈ। ਹੁਣ ਪੰਜਾਬ ਸਰਕਾਰ ਵੀ ਕਾਰਪੋਰੇਟ ਦੀ ਗੱਡੀ ਚੜ੍ਹਦੀ ਨਜ਼ਰ ਆ ਰਹੀ ਹੈ। ਇਸ ਨਾਲ ਪੰਜਾਬ ਦਾ ਸਮੁੱਚਾ ਮਾਹੌਲ ਵਿਗੜ ਸਕਦਾ ਹੈ। ਉਹਨਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਡੀਪੂ ਹੋਲਡਰਾਂ ਦੇ ਰੁਜ਼ਗਾਰ ਦੀ ਰਾਖੀ ਕਰੇ ਅਤੇ ਨਵੀਂ ਆਟਾ ਵੰਡਣ ਦੀ ਯੋਜਨਾ ਤਹਿਤ ਕਾਰਪੋਰੇਟ ਕੰਪਨੀਆਂ ਦਾ ਦਖਲ ਬੰਦ ਕਰੇ। ਜੇ ਸਰਕਾਰ ਨੇ ਆਪਣੀ ਤਜਵੀਜ਼ ਵਾਪਸ ਨਾ ਲਈ ਤਾਂ ਸਰਕਾਰ ਖਿਲਾਫ ਡੀਪੂ ਹੋਲਡਰ ਜੋ ਵੀ ਸੰਘਰਸ਼ ਵਿੱਢਣਗੇ ਸਾਡੀ ਜਥੇਬੰਦੀ ਉਸ ਵਿੱਚ ਵਧ ਚੜ੍ਹ ਕੇ ਹਿੱਸਾ ਲਵੇਗੀ। ਕਿਉਂਕਿ ਇਹ ਯੋਜਨਾ ਕਾਰਪੋਰੇਟ ਦੇ ਹਿੱਤ ਵਿੱਚ ਹੈ, ਇਸ ਲਈ ਸਾਡੀ ਜਥੇਬੰਦੀ ਇਸ ਦਾ ਡਟ ਕੇ ਵਿਰੋਧ ਕਰੇਗੀ। ਇਸ ਮੌਕੇ ਹਰਪਾਲ ਸਿੰਘ ਮੱਕੋਵਾਲ, ਪਰਵਿੰਦਰ ਮੇਨਕਾ, ਧਰਮਪਾਲ ਆਦਿ ਆਗੂ ਵੀ ਹਾਜ਼ਰ ਸਨ।




# ਆਦਮਪੁਰ ਤੋਂ ਦਿੱਲੀ, ਗੋਆ, ਜੈਪੁਰ ਤੇ ਕੋਲਕਾਤਾ ਲਈ ਉਡਾਣਾਂ ਜਲਦੀ ਸ਼ੁਰੂ

**ਜਲੰਧਰ ( ਸ਼ੈਲੀ ਐਲਬਰਟ)-** ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਜੇ.ਐਮ. ਸਿੰਧੀਆ ਨਾਲ 16 ਜਨਵਰੀ ਨੂੰ ਹੋਈ ਮੁਲਾਕਾਤ ਦੌਰਾਨ ਬੀ ਜੇ ਪੀ ਦੇ ਰਾਸ਼ਟਰੀ ਬੁਲਾਰੇ ਜੈਵੀਰ ਸ਼ੇਰਗਿੱਲ ਵੱਲੋਂ ਉਠਾਈ ਗਈ ਮੰਗ ਦੇ ਜਵਾਬ ਵਿੱਚ ਸਿੰਧੀਆ ਨੇ ਸ਼ੇਰਗਿੱਲ ਨੂੰ ਕਿਹਾ ਕਿ ਉਨ੍ਹਾਂ ਦੀ ਬੇਨਤੀ 'ਤੇ ਵਿਚਾਰ ਕੀਤਾ ਗਿਆ ਹੈ ਅਤੇ ਆਦਮਪੁਰ ਤੋਂ ਵੱਖ-ਵੱਖ ਖੇਤਰਾਂ ਲਈ ਉਡਾਣਾਂ ਜਲਦੀ ਹੀ ਸ਼ੁਰੂ ਹੋ ਜਾਣਗੀਆਂ। ਇਸ ਸਬੰਧ ਵਿਚ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਸ਼ੇਰਗਿੱਲ ਨੇ ਕਿਹਾ ਕਿ ਸਿੰਧੀਆ ਨੇ 26 ਜਨਵਰੀ ਨੂੰ ਇਕ ਪੱਤਰ ਰਾਹੀਂ ਉਨ੍ਹਾਂ ਨੂੰ ਜਵਾਬ ਦਿੱਤਾ ਹੈ ਕਿ ਆਦਮਪੁਰ ਨੂੰ ਦਿੱਲੀ - ਐਨ.ਸੀ.ਆਰ., ਨਾਂਦੇੜ, ਬੰਗਲੌਰ, ਕੋਲਕਾਤਾ ਅਤੇ ਗੋਆ ਨਾਲ ਜੋੜਨ ਵਾਲੇ ਉਡਾਨ 5.0 ਦੇ ਤਹਿਤ ਰੂਟ ਚੁਣੀਆਂ ਗਈਆਂ ਏਅਰਲਾਈਨਾਂ ਨੂੰ ਸੌਂਪੇ ਗਏ ਹਨ। ਇਸ ਸਬੰਧੀ ਸਬੰਧਤ ਏਅਰਲਾਈਨਜ਼ ਆਉਣ ਵਾਲੇ ਸਮੇਂ ਵਿੱਚ ਸੰਚਾਲਨ ਸ਼ੁਰੂ ਕਰ ਸਕਦੀਆਂ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼ੇਰਗਿੱਲ ਨੇ ਦੱਸਿਆ ਕਿ ਸਿੰਧੀਆ ਨਾਲ ਹੋਈ ਮੁਲਾਕਾਤ ਦੌਰਾਨ ਸਮੂਹ ਭਾਈਚਾਰਿਆਂ ਦੀ ਆਸਥਾ ਅਤੇ ਭਾਵਨਾਵਾਂ ਨੂੰ ਧਿਆਨ ਵਿਚ ਰੱਖਦਿਆਂ ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਅਸਥਾਨ ਤੇ ਕਾਸ਼ੀ ਵਿਸ਼ਵਨਾਥ ਮੰਦਰ ਦੇ ਪਵਿੱਤਰ ਸਥਾਨ ਲਈ ਆਦਮਪੁਰ ਤੋਂ ਬਨਾਰਸ ਵਾਸਤੇ ਸਿੱਧੀ ਹਵਾਈ ਉਡਾਣ ਸ਼ੁਰੂ ਕਰਨ ਦੀ ਮੰਗ ਵਾਲਾ ਪੱਤਰ ਮੰਤਰੀ ਨੂੰ ਸੌਂਪਿਆ ਗਿਆ। ਸ਼ੇਰਗਿੱਲ ਨੇ ਕਿਹਾ ਕਿ ਉਨ੍ਹਾਂ ਨੇ ਕੇਂਦਰੀ ਮੰਤਰੀ ਨੂੰ ਆਦਮਪੁਰ ਤੋਂ ਦਿੱਲੀ ਲਈ ਉਡਾਣਾਂ ਮੁੜ ਸ਼ੁਰੂ ਕਰਨ ਦੀ ਬੇਨਤੀ ਵੀ ਕੀਤੀ ਸੀ। ਸ਼ੇਰਗਿੱਲ ਨੇ ਕਿਹਾ ਕਿ ਇਸ 'ਤੇ ਵੀ ਸਿੰਧੀਆ ਨੇ ਪੁਸ਼ਟੀ ਕੀਤੀ ਹੈ ਕਿ ਉਨ੍ਹਾਂ ਦੀ ਬੇਨਤੀ ਨੂੰ ਅਨੁਕੂਲ ਵਿਚਾਰ ਲਈ ਸਾਰੀਆਂ ਨਿਰਧਾਰਤ ਘਰੇਲੂ ਏਅਰਲਾਈਨਾਂ ਨਾਲ ਸਾਂਝਾ ਕੀਤਾ ਗਿਆ ਹੈ। ਸ਼ੇਰਗਿੱਲ ਨੇ ਕਿਹਾ ਕਿ ਇਹ ਇੱਕ ਸਕਾਰਾਤਮਕ ਖ਼ਬਰ ਹੈ, ਕਿਉਂਕਿ ਆਦਮਪੁਰ (ਜਲੰਧਰ) ਅਤੇ ਹਲਵਾਰਾ (ਲੁਧਿਆਣਾ) ਤੋਂ ਹਵਾਈ ਸੰਪਰਕ ਨਾ ਸਿਰਫ਼ ਪੰਜਾਬ ਦੀ ਕੁਨੈਕਟੀਵਿਟੀ ਵਿੱਚ ਸੁਧਾਰ ਕਰੇਗਾ, ਬਲਕਿ ਆਰਥਕਤਾ, ਸੈਰ-ਸਪਾਟਾ ਅਤੇ ਵਪਾਰ ਨੂੰ ਵੀ ਹੁਲਾਰਾ ਦੇਵੇਗਾ। ਸ਼ੇਰਗਿੱਲ ਨੇ ਉਨ੍ਹਾਂ ਦੀਆਂ ਮੰਗਾਂ 'ਤੇ ਸਕਾਰਾਤਮਕ ਵਿਚਾਰ ਕਰਨ ਲਈ ਸਿੰਧੀਆ ਦਾ ਧੰਨਵਾਦ ਕੀਤਾ ਹੈ।



# ਸਾਂਝ ਕੇਂਦਰ ਨੇ ਲੋੜਵੰਦਾਂ ਨੂੰ ਰਾਸ਼ਨ ਵੰਡਿਆ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ ) -**ਪੁਲਸ ਸਾਂਝ ਕੇਂਦਰ ਨੂਰਮਹਿਲ ਵਿਖੇ ਚੈਰਿਟੀ ਸੈਮੀਨਾਰ ਕਰਵਾਇਆ। ਸੈਮੀਨਾਰ ਵਿਚ ਲੋੜਵੰਦ ਪਰਵਾਰਾਂ ਨੂੰ ਘਰ ਦੀ ਜ਼ਰੂਰਤ ਦਾ ਸੁੱਕਾ ਰਾਸ਼ਨ ਤਕਸੀਮ ਕੀਤਾ। ਇਸ ਮੌਕੇ ਸਾਂਝ ਕੇਂਦਰ ਵੱਲੋਂ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ, ਔਰਤਾਂ, ਬੱਚਿਆਂ ਤੇ ਬਜ਼ੁਰਗਾਂ ਦੀ ਸਹਾਇਤਾ ਲਈ ਪੁਲਸ ਹੈਲਪ ਲਾਈਨ ਨੰਬਰਾਂ ਦੀ ਵਰਤੋਂ ਬਾਰੇ ਤੇ ਸ਼ਕਤੀ ਐਪ ਸਬੰਧੀ ਥਾਣਾ ਮੁਖੀ ਇੰਸਪੈਕਟਰ ਵਰਿੰਦਰਪਾਲ ਸਿੰਘ ਉੱਪਲ ਨੂਰਮਹਿਲ ਵਲੋਂ ਜਾਣਕਾਰੀ ਦਿੱਤੀ ਗਈ ਤੇ ਸਬ ਡਵੀਜ਼ਨ ਨਕੋਦਰ ਇੰਚਾਰਜ ਏ. ਐਸ. ਆਈ ਰਾਜ ਸਿੰਘ ਵਲੋਂ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੇ ਇਨ੍ਹਾਂ ਤੋਂ ਬਚ ਕੇ ਰਹਿਣ ਸਬੰਧੀ ਜਾਗਰੂਕ ਕੀਤਾ। ਸੈਮੀਨਾਰ ਵਿਚ ਏ. ਐਸ. ਆਈ ਪ੍ਰੇਮ ਚੰਦ, ਸਿਪਾਹੀ ਅਕਾਸ਼ਦੀਪ ਸਿੰਘ, ਸਿਪਾਹੀ ਕੁਲਦੀਪ ਸਿੰਘ ਆਦਿ ਹਾਜ਼ਰ ਸਨ।

# ਪ੍ਰੋਫੈਸਰ ਰੇਖੀ ਦੇ ਵਿਛੋੜੇ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ

**ਬਹਿਰਾਮ (ਅਵਤਾਰ ਕਲੇਰ)-**ਸਿੱਖ ਨੈਸ਼ਨਲ ਕਾਲਜ ਬੰਗਾ ਵਿਖੇ ਲੰਬਾ ਸਮਾਂ ਬਤੌਰ ਇਤਿਹਾਸ ਦੇ ਪ੍ਰੋਫੈਸਰ ਦੇ ਤੌਰ ਤੇ ਸੇਵਾਵਾਂ ਨਿਭਾਉਣ ਵਾਲੇ ਪ੍ਰੋ ਹਰਸ਼ਵਰਨ ਸਿੰਘ ਰੇਖੀ ਦੇ ਅਚਾਨਕ ਤੁਰ ਜਾਣ 'ਤੇ ਖ਼ਾਲਸਾ ਐਜੂਕੇਸ਼ਨ ਟਰੱਸਟ ਕਨੇਡਾ ਅਤੇ ਦੇਸ਼ ਵਿਦੇਸ਼ 'ਚ ਵੱਸਦੇ ਉਹਨਾਂ ਦੇ ਵਿਦਿਆਰਥੀਆਂ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ।

ਪ੍ਰੋਫੈਸਰ ਰੇਖੀ ਦੀਆਂ ਸੇਵਾਵਾਂ ਨੂੰ ਯਾਦ ਕਰਦੇ ਹੋਏ ਟਰੱਸਟ ਪ੍ਰਧਾਨ ਨਿਰਵੈਰ ਸਿੰਘ ਸੋਤਰਾਂ ਨੇ ਕਿਹਾ ਕਿ ਪ੍ਰੋਫੈਸਰ ਹਰਸ਼ਵਰਨ ਸਿੰਘ ਰੇਖੀ ਅਜਿਹੀ ਮਾਣਮੱਤੀ ਸ਼ਖਸੀਅਤ ਸਨ ਜਿਨ੍ਹਾ ਨੇ ਆਪਣੀ ਅਧਿਆਪਨ ਕਲਾ ਦੇ ਨਾਲ ਹਜ਼ਾਰਾਂ ਵਿਦਿਆਰਥੀਆਂ ਨੂੰ ਉਹਨਾਂ ਦੀ ਮੰਜ਼ਲ ਤੱਕ ਪਹੁੰਚਾਇਆ। ਇਸ ਮੌਕੇ ਦੁੱਖ ਪ੍ਰਗਟਾਉਣ ਵਾਲਿਆਂ ਵਿੱਚ ਗੈਰੀ ਭੌਰਾ, ਜਤਿੰਦਰ ਪਾਲ ਸਿੰਘ ਰੰਧਾਵਾ ਚੇਅਰਮੈਨ ਯੂ ਕੇ, ਲੈਕਚਰਾਰ ਅੰਮ੍ਰਿਤਪਾਲ ਸਿੰਘ ਬੰਗਾ, ਪ੍ਰੋ ਗੁਰਿੰਦਰ ਸਿੰਘ, ਪ੍ਰੋ ਦਵਿੰਦਰ ਸਿੰਘ ਗਿੱਲ, ਸੁਰਿੰਦਰ ਚੋਪੜਾ, ਸੁੱਖ ਭੌਰਾ ਕਨੇਡਾ, ਹਰਦੀਪ ਸਿੰਘ ਸਿੱਧੂ ਅਮਰੀਕਾ, ਦਲਵੀਰ ਸਿੰਘ ਸਿੱਧੂ, ਗੁਰਿੰਦਰ ਸਿੰਘ ਗਰਚਾ, ਡਾ ਦਲਜੀਤ ਕੌਰ ਪ੍ਰਧਾਨ ਬੰਗਾ, ਅਨਵਰ ਮੁਹੰਮਦ, ਜਥੇਦਾਰ ਸਤਨਾਮ ਸਿੰਘ ਲਾਦੀਆਂ, ਮਨਦੀਪ ਸਿੰਘ ਸ਼ੇਰਗਿੱਲ ਕਨੇਡਾ , ਮੈਡਮ ਕੁਲਜੀਤ ਕੌਰ ਤੇ ਪ੍ਰੋ ਪ੍ਰਗਣ ਸਿੰਘ ਵੀ ਸ਼ਾਮਲ ਹਨ।

# ਵਿਕਸਤ ਭਾਰਤ ਸੰਕਲਪ ਯਾਤਰਾ ਵੀ ਭਾਜਪਾ ਦੀ ਸੱਤਾ ਨੂੰ ਬਚਾ ਨਹੀਂ ਸਕਦੀ : ਚੌਹਾਨ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ )-** ਭਾਰਤੀ ਜਨਤਾ ਪਾਰਟੀ ਨੇ 2014 ਦੀਆਂ ਲੋਕਸਭਾ ਚੋਣਾਂ ਜਿੱਤਣ ਲਈ ਦੇਸ਼ ਦੇ ਲੋਕਾਂ ਨੂੰ ਗੁਮਰਾਹ ਕੀਤਾ ਕਿ ਵਿਦੇਸ਼ਾਂ ਦੀਆਂ ਬੈਂਕਾਂ ਵਿੱਚ ਜਮ੍ਹਾਂ ਪਏ ਭਾਰਤੀ ਕਾਲ਼ੇ ਧਨ ਨੂੰ ਮੰਗਵਾ ਕੇ ਹਰ ਭਾਰਤੀ ਦੇ ਖਾਤੇ ਵਿੱਚ 15-15 ਲੱਖ ਰੁਪਏ ਦਿੱਤੇ ਜਾਣਗੇ। ਲੋਕਾਂ ਨੇ ਭਾਜਪਾ 'ਤੇ ਭਰੋਸਾ ਕਰਕੇ ਭਾਜਪਾ ਨੂੰ ਸੱਤਾ ਸੰਭਾਲ ਕੇ ਬੈਂਕਾਂ ਵਿੱਚ ਖਾਤੇ ਖੁਲ੍ਹਵਾਏ। 15 ਲੱਖ ਤਾਂ ਉਨ੍ਹਾਂ ਦੇ ਖਾਤਿਆਂ ਵਿਚ ਨਹੀਂ ਆਏ ਪਰ ਜਿਹੜੇ ਉਨ੍ਹਾਂ ਦੀਆਂ ਜੇਬਾਂ ਵਿਚ 500-700 ਰੁਪਏ ਸਨ ਉਹ ਵੀ ਬੈਂਕਾਂ ਵਿੱਚ ਜਮ੍ਹਾਂ ਕਰ ਕੇ ਗੁਆ ਲਏ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਬਹੁਜਨ ਸਮਾਜ ਪਾਰਟੀ ਦੇ ਸਾਬਕਾ ਇੰਚਾਰਜ ਮੱਖਣ ਲਾਲ ਚੌਹਾਨ ਨੇ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਸੱਤਾ ਵਿੱਚ ਆਉਂਦਿਆਂ ਹੀ ਦੇਸ਼ ਵਾਸੀਆਂ ਨਾਲ ਕੀਤੇ ਵਾਅਦਿਆਂ ਤੋਂ ਮੁੱਕਰ ਗਈ ਅਤੇ ਇਸ ਲਾਰੇ ਨੂੰ ਚੋਣ ਜੁਮਲੇ ਦਾ ਨਾਮ ਦੇ ਕੇ ਭਾਜਪਾ ਨੇ ਟਾਲ ਦਿੱਤਾ।ਇਸੇ ਤਰ੍ਹਾਂ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਰਤੀ ਲੋਕਾਂ ਨੂੰ ਫਿਰ ਤੋਂ ਗੁਮਰਾਹ ਕੀਤਾ ਗਿਆ ਕਿ ਹਰ ਸਾਲ 2 ਕਰੋੜ ਬੇਰੁਜ਼ਗਾਰ ਨੌਜਵਾਨਾਂ ਨੂੰ ਸਰਕਾਰੀ ਨੌਕਰੀ ਦਿੱਤੀ ਜਾਏਗੀ ਤਾਂ ਕਿ ਦੇਸ਼ ਵਿੱਚੋ ਬੇਰੁਜ਼ਗਾਰੀ ਨੂੰ ਖਤਮ ਕੀਤਾ ਜਾ ਸਕੇ ਪਰ ਭਾਰਤੀ ਜਨਤਾ ਪਾਰਟੀ ਦੀ ਮੋਦੀ ਸਰਕਾਰ ਬੇਰੁਜ਼ਗਾਰੀ ਨੂੰ ਤਾਂ ਖ਼ਤਮ ਨਹੀਂ ਕਰ ਸਕੀ, ਬੇਰੁਜ਼ਗਾਰਾਂ ਦਾ ਹੀ ਖਾਤਮਾ ਕਰਨ ਲੱਗੀ ਕਿਉਂਕਿ ਅੱਜ ਭਾਰਤ ਦੀ ਵੱਡੀ ਗਿਣਤੀ ਵਿਚ ਲੋਕ ਪੇਟ ਦੀ ਅੱਗ ਬੁਝਾਉਣ ਲਈ ਦਾਣੇ ਦਾਣੇ ਨੂੰ ਮੁਹਤਾਜ ਹੋ ਕੇ ਰਹਿ ਗਏ। ਸਰਕਾਰੀ ਅੰਕੜਿਆਂ ਅਨੁਸਾਰ ਅੱਜ ਭਾਰਤ ਅੰਦਰ ਲਗਭਗ 81 ਕਰੋੜ ਲੋਕਾਂ ਨੂੰ ਸਰਕਾਰ ਦੀ ਆਟਾ ਦਾਲ ਸਕੀਮ 'ਤੇ ਨਿਰਭਰ ਹੋਣਾ ਪੈ ਰਿਹਾ ਹੈ ਅਤੇ ਜਨਸੰਖਿਆ ਦੇ ਲਗਭਗ ਇੱਕ ਤਿਹਾਈ ਲੋਕਾਂ ਨੂੰ ਰੇਲਵੇ ਲਾਈਨਾਂ, ਸੜਕਾਂ ਦੇ ਕਿਨਾਰੇ ਸੌਣ ਲਈ ਮਜਬੂਰ ਹੋਣਾ ਪੈ ਰਿਹਾ ਹੈ।ਜਦੋਂ ਕਿ ਭਾਰਤ ਵਿਚ ਰੋਜ਼ਗਾਰ ਨਾਂ ਦੀ ਕੋਈ ਚੀਜ਼ ਹੀ ਨਹੀਂ। ਭਾਰਤ ਦੇ ਲੋਕ ਮੋਦੀ ਸਰਕਾਰ ਵੱਲੋਂ ਦਿੱਤੇ ਲਾਰੇ ਅੱਛੇ ਦਿਨ ਆਉਣ ਵਾਲੇ ਨੇ ਦੀ ਉਡੀਕ ਕਰਦਿਆਂ ਬੁੱਢੇ ਹੋ ਗਏ। ਮੋਦੀ ਸਰਕਾਰ ਨੇ ਦੇਸ਼ ਅੰਦਰ ਬੇਟੀ ਬਚਾਓ ਬੇਟੀ ਪੜ੍ਹਾਓ ਦਾ ਨਾਅਰਾ ਦਿੱਤਾ ਪਰ ਮੋਦੀ ਸਰਕਾਰ ਦੇ ਰਾਜਕਾਲ ਦੌਰਾਨ ਸਭ ਤੋਂ ਵੱਧ ਬਲਾਤਕਾਰ ਦੀਆਂ ਘਟਨਾਵਾਂ ਵਾਪਰੀਆਂ। ਉਨ੍ਹਾਂ ਅੱਗੇ ਕਿਹਾ ਕਿ ਇਨ੍ਹਾਂ ਸਭ ਨਾਕਾਮੀਆਂ 'ਤੇ ਪਰਦਾ ਪਾਉਣ ਲਈ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਭਲਾਈ ਸਕੀਮਾਂ ਪ੍ਰਤੀ ਜਾਗਰੂਕਤਾ ਦੇ ਨਾਂ ਹੇਠ ਵਿਕਸਿਤ ਭਾਰਤ ਸੰਕਲਪ ਯਾਤਰਾਵਾਂ ਕੱਢੀਆਂ ਜਾ ਰਹੀਆਂ ਹਨ। ਪ੍ਰਚਾਰ ਕਰਨ ਲਈ ਬਾਹਰੀ ਸੋਮਿਆਂ ਤੋਂ ਗੱਡੀਆਂ/ਟਰੱਕ ਕਿਰਾਏ 'ਤੇ ਲਈਆਂ ਜਾ ਰਹੀਆਂ ਹਨ ਜੋ ਕਿ ਗਰੀਬੀ, ਬੇਰੁਜ਼ਗਾਰੀ ਅਤੇ ਮਹਿੰਗਾਈ ਦੀ ਮਾਰ ਝੱਲ ਰਹੇ ਹਰ ਭਾਰਤੀ 'ਤੇ ਇੱਕ ਵਾਧੂ ਬੋਝ ਹੈ। ਲੋਕ ਸਭਾ ਚੋਣ ਨੂੰ ਧਿਆਨ ਵਿੱਚ ਰੱਖਦਿਆਂ ਇਨ੍ਹਾਂ ਯਾਤਰਾਵਾਂ ਵਿੱਚ ਭਲਾਈ ਸਕੀਮਾਂ ਦਾ ਪ੍ਰਚਾਰ ਘੱਟ ਅਤੇ ਭਾਰਤੀ ਜਨਤਾ ਪਾਰਟੀ ਦਾ ਪ੍ਰਚਾਰ ਵੱਧ ਕੀਤਾ ਜਾ ਰਿਹਾ ਹੈ। ਇਨ੍ਹਾਂ ਯਾਤਰਾਵਾਂ ਨਾਲ ਦੇਸ਼ ਦੇ ਖਜ਼ਾਨੇ 'ਤੇ ਆਰਥਕ ਬੋਝ ਪੈ ਰਿਹਾ ਹੈ।ਕੇਂਦਰ ਦੀ ਮੋਦੀ ਸਰਕਾਰ ਨੂੰ ਚਾਹੀਦਾ ਹੈ ਕਿ ਇਨ੍ਹਾਂ ਯਾਤਰਾਵਾਂ ਨੂੰ ਤੁਰੰਤ ਬੰਦ ਕਰਕੇ ਭਾਰਤੀ ਖ਼ਜ਼ਾਨੇ 'ਤੇ ਪੈ ਰਹੇ ਆਰਥਕ ਬੋਝ ਨੂੰ ਰੋਕੇ। ਹੋਰਾਂ ਤੋਂ ਇਲਾਵਾ ਸੰਦੀਪ ਗੜ੍ਹੀ, ਸੁਰਜੀਤ ਸਿੰਘ ਉੜਾਪੜ, ਜਸਵਿੰਦਰ ਮਹਿਮੀ, ਸੁਰਜੀਤ ਕਰੀਮਪੁਰੀ, ਬਲਵੀਰ ਰੱਤੂ, ਅਮਰਜੀਤ ਸਿੰਘ, ਲਛਮਣ ਚੰਦ ਆਦਿ ਹਾਜ਼ਰ ਰਹੇ।

# ਕੈਬਨਿਟ ਮੰਤਰੀ ਵੱਲੋਂ ਹੁਨਰਮੰਦ ਨੌਜਵਾਨਾਂ ਨੂੰ ਸਵੈ ਰੁਜ਼ਗਾਰ ਖੋਲ੍ਹਣ 'ਚ ਬੈਂਕਿੰਗ ਸੰਸਥਾਵਾਂ ਨੂੰ ਸਰਗਰਮ ਭੂਮਿਕਾ ਨਿਭਾਉਣ ਦਾ ਸੱਦਾ

**ਜਲੰਧਰ ( ਸ਼ੈਲੀ ਐਲਬਰਟ)-**ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਨੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਨੂੰ ਸੱਦਾ ਦਿੱਤਾ ਕਿ ਸਮਾਜ ਦੇ ਕਮਜ਼ੋਰ ਲੋਕਾਂ ਦੀ ਸਹਾਇਤਾ ਕਰਨ ਤੋਂ ਇਲਾਵਾ ਹੁਨਰਮੰਦ ਨੌਜਵਾਨਾਂ ਨੂੰ ਆਪਣਾ ਸਵੈ ਰੋਜ਼ਗਾਰ ਸ਼ੁਰੂ ਕਰਨ ਲਈ ਵਿੱਤੀ ਸਹਾਇਤਾ ਪ੍ਰਦਾਨ ਕਰਨ ਵਿੱਚ ਸਰਗਰਮ ਭੂਮਿਕਾ ਨਿਭਾਉਣ ਦਾ ਸੱਦਾ ਦਿੱਤਾ ਗਿਆ।

ਸੈਂਟਰਲ ਬੈਂਕ ਦੀ ਬਰਾਂਚ ਦਾ ਫੋਲੜੀਵਾਲ ਵਿਖੇ 66 ਫੁੱਟੀ ਰੋਡ 'ਤੇ ਉਦਘਾਟਨ ਕਰਨ ਉਪਰੰਤ ਇਕੱਠ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਬੈਂਕਾਂ ਨੂੰ ਹੁਨਰਮੰਦ ਨੌਜਵਾਨਾਂ ਨੂੰ ਅਸਾਨ ਕਰਜ਼ ਮੁਹੱਈਆ ਕਰਵਾਉਣ ਲਈ ਸੰਜੀਦਾ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਜੋ ਉਹ ਆਪਣਾ ਸਵੈ ਰੋਜ਼ਗਾਰ ਸ਼ੁਰੂ ਕਰਕੇ ਆਤਮ ਸਨਮਾਨ ਨਾਲ ਜ਼ਿੰਦਗੀ ਬਤੀਤ ਕਰ ਸਕਣ। ਉਨ੍ਹਾਂ ਕਿਹਾ ਕਿ ਇਹ ਬੈਂਕ ਦੀ 50ਵੀਂ ਬਰਾਂਚ ਹੈ ਅਤੇ ਇਸ ਇਲਾਕੇ ਦੇ ਵਾਸੀਆਂ ਦੀਆਂ ਲੋੜਾਂ ਪੂਰੀਆਂ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗੀ । ਉਨ੍ਹਾਂ ਇਹ ਵੀ ਕਿਹਾ ਕਿ ਦੇਸ਼ ਦੀ ਅਰਥ ਵਿਵਸਥਾ ਨੂੰ ਮਜ਼ਬੂਤ ਕਰਨ ਤੋਂ ਇਲਾਵਾ ਅਜਿਹੇ ਯਤਨ ਹੁਨਰਮੰਦ ਨੌਜਵਾਨਾਂ ਨੂੰ ਸਵੈ ਰੋਜ਼ਗਾਰ ਖੋਲ੍ਹਣ ਵਿੱਚ ਮਦਦਗਾਰ ਸਾਬਿਤ ਹੋਣਗੇ। ਉਨ੍ਹਾਂ ਕਿਹਾ ਕਿ ਬੈਂਕਿੰਗ ਸੰਸਥਾਵਾਂ ਆਰਥਕ ਪੱਖੋਂ ਕਮਜ਼ੋਰ ਲੋਕਾਂ ਵੱਲ ਮਦਦ ਦਾ ਹੱਥ ਵਧਾ ਕੇ ਉਨ੍ਹਾਂ ਦੀ ਕਿਸਮਤ ਬਦਲਣ ਵਿੱਚ ਮੋਹਰੀ ਭੂਮਿਕਾ ਨਿਭਾ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਬੈਂਕ ਅਤੇ ਹੋਰ ਵਿੱਤੀ ਸੰਸਥਾਵਾਂ ਕਮਜ਼ੋਰ ਲੋਕਾਂ ਨੂੰ ਵੱਖ-ਵੱਖ ਭਲਾਈ ਸਕੀਮਾਂ ਦਾ ਲਾਭ ਪਹੁੰਚਾ ਕੇ ਉਨ੍ਹਾਂ ਦੇ ਜੀਵਨ ਵਿੱਚ ਖੁਸ਼ਹਾਲੀ ਲਿਆਉਣ ਦੀ ਸਮਰੱਥਾ ਰੱਖਦੀਆਂ ਹਨ। ਉਨ੍ਹਾਂ ਗਰੀਬ ਲੋਕਾਂ ਨੂੰ ਘੱਟ ਤੋਂ ਘੱਟ ਵਿਆਜ ਦਰਾਂ 'ਤੇ ਕਰਜ਼ ਮੁਹੱਈਆ ਕਰਵਾਉਣ ਦੀ ਲੋੜ 'ਤੇ ਵੀ ਜ਼ੋਰ ਦਿੱਤਾ ਜੋ ਉਨ੍ਹਾਂ ਨੂੰ ਆਰਥਕ ਤੌਰ 'ਤੇ ਮਜ਼ਬੂਤ ਬਣਾਉਣ ਨੂੰ ਯਕੀਨੀ ਬਣਾਏਗਾ । ਉਨ੍ਹਾਂ ਇਹ ਵੀ ਕਿਹਾ ਕਿ ਬੈਂਕਿੰਗ ਖੇਤਰ ਦੇ ਰਾਸ਼ਟਰੀਕਰਨ ਦਾ ਉਦੇਸ਼ ਤਾਂ ਹੀ ਪੂਰਾ ਹੋ ਸਕਦਾ ਹੈ ਜਦੋਂ ਆਰਥਕ ਤੌਰ 'ਤੇ ਕਮਜ਼ੋਰ ਸਮਾਜ ਵਿੱਤੀ ਮਜ਼ਬੂਤੀ ਵੱਲ ਅੱਗੇ ਵਧੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਲੀਡ ਬੈਂਕ ਮੈਨੇਜਰ ਐਮ.ਐਸ. ਮੋਤੀ, ਜ਼ੋਨਲ ਹੈਡ ਸ਼ੀਸ ਰਾਮ ਟੁੰਡਵਾਲ, ਰੀਜਨਲ ਹੈਡ ਰਾਹੁਲ ਸਕਸੈਨਾ ਅਤੇ ਬਰਾਂਚ ਹੈਡ ਹਿਮਾਂਸ਼ੂ ਗੁਪਤਾ ਵੀ ਮੌਜੂਦ ਸਨ ।



# ਕਿਸ਼ਨਗੜ੍ਹ ਚੌਕ 'ਚ ਰੋਜ਼ਾਨਾ ਘੰਟਿਆਂਬੱਧੀ ਲੱਗਦੇ ਜਾਮ ਕਾਰਨ ਰਾਹਗੀਰ ਪ੍ਰੇਸ਼ਾਨ




**ਅਲਾਵਲਪੁਰ , (ਮਦਨ ਬੰਗੜ )**- ਰਾਸ਼ਟਰੀ ਰਾਜ ਮਾਰਗ 'ਤੇ ਸਥਿਤ ਅੱਡਾ ਕਿਸ਼ਨਗੜ੍ਹ ਦਾ ਚੌਕ ਨੇੜਲੇ 15-20 ਪਿੰਡਾਂ ਦਾ ਪ੍ਰਮੁੱਖ ਧੁਰਾ ਹੈ। ਜਲੰਧਰ ਤੋਂ ਪਠਾਨਕੋਟ- ਜੰਮੂ- ਸ੍ਰੀਨਗਰ ਆਵਾਜਾਈ ਅੰਮ੍ਰਿਤਸਰ ਤੋਂ ਵਾਇਆ ਕਰਤਾਰਪੁਰ ਤੋਂ ਹੁਸ਼ਿਆਰਪੁਰ, ਹਿਮਾਚਲ ਪ੍ਰਦੇਸ਼ ਦੇ ਧਾਰਮਿਕ ਸਥਾਨਾਂ ਤੇ ਹਿਮਾਚਲ ਪ੍ਰਦੇਸ਼ ਤੋਂ ਅੰਮ੍ਰਿਤਸਰ ਜਾਂ ਬਿਆਸ ਜਾਣ ਵਾਲੀਆਂ ਸੰਗਤਾਂ ਨੂੰ ਉਕਤ ਕਿਸ਼ਨਗੜ੍ਹ ਚੌਕ 'ਚੋਂ ਲੰਘਣਾ ਪੈਂਦਾ ਹੈ। ਕਿਸ਼ਨਗੜ੍ਹ ਚੌਕ 'ਚ ਟ੍ਰੈਫਿਕ ਲਾਈਟਾਂ ਤੇ ਟ੍ਰੈਫਿਕ ਪੁਲਸ ਪਾਰਟੀ ਦੀ ਪੱਕੀ ਡਿਊਟੀ ਨਾ ਹੋਣ ਕਾਰਨ ਭਾਰੀ ਵੱਡੇ-ਵੱਡੇ ਜਾਮ ਲਗਦੇ ਹਨ। ਬੀਤੇ ਦਿਨ ਵੀ ਕਰੀਬ 4 ਘੰਟੇ ਭਾਰੀ ਜਾਮ ਲੱਗਣ ਕਾਰਨ ਕਈ ਕਈ ਕਿਲੋਮੀਟਰ ਤੱਕ ਵਾਹਨਾਂ ਦੀਆਂ ਲੰਮੀਆਂ ਕਤਾਰਾਂ ਲੱਗ ਗਈਆਂ। ਵੱਡੀਆਂ ਗੱਡੀਆਂ, ਟਿੱਪਰ-ਟਰਾਲੇ, ਟਰੱਕਾਂ, ਕਾਰਾਂ, ਬੱਸਾਂ ਵਾਲੇ ਡਰਾਈਵਰ ਇਕ-ਦੂਸਰੇ ਤੋਂ ਅੱਗੇ ਨਿਕਲਣ ਦੀ ਹੋੜ 'ਚ ਕਈ ਵੱਡੇ ਵਾਹਨ ਡਿਵਾਈਡਰ ਪਾਰ ਕਰ ਕੇ ਗੱਡੀਆਂ ਦੂਸਰੀ ਸਾਈਡ 'ਤੇ ਲਿਜਾ ਕੇ ਜਾਮ ਲਾ ਦਿੰਦੇ ਹਨ। ਜਿੱਥੇ ਰੋਜ਼ਾਨਾ ਲੱਗਦੇ ਜਾਮ ਕਾਰਨ ਸਥਾਨਕ ਦੁਕਾਨਦਾਰਾਂ ਦਾ ਕੰਮ ਤੇ ਦੁਕਾਨਦਾਰੀ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀ ਹੈ, ਉੱਥੇ ਇਲਾਕੇ ਦੇ ਰਾਹਗੀਰਾਂ ਨੂੰ ਵੀ ਆਪਣੇ ਛੋਟੇ-ਛੋਟੇ ਨਿੱਜੀ ਕੰਮਾਂ ਕਾਰਨ ਕਈ ਕਈ ਘੰਟੇ ਖੱਜਲ- ਖੁਆਰ ਹੋਣਾ ਪੈ ਰਿਹਾ ਹੈ। ਕਿਸ਼ਨਗੜ੍ਹ ਦੇ ਦੁਕਾਨਦਾਰਾਂ ਤੇ ਇਲਾਕੇ ਦੇ ਪਤਵੰਤੇ ਸੱਜਣਾਂ ਦੀ ਐੱਸ. ਐੱਸ. ਪੀ. ਦਿਹਾਤੀ ਤੋਂ ਪੁਰਜ਼ੋਰ ਮੰਗ ਹੈ ਕਿ ਕਿਸ਼ਨਗੜ੍ਹ ਚੌਕ 'ਚ ਟਰੈਫਿਕ ਪੁਲਸ ਦੇ ਕੁਝ ਮੁਲਾਜ਼ਮਾਂ ਦੀ ਪੱਕੀ ਡਿਊਟੀ ਲਾਈ ਜਾਵੇ, ਜੋ ਡਿਵਾਈਡਰ ਪਾਰ ਕਰਨ ਵਾਲੀਆਂ ਵੱਡੀਆਂ ਗੱਡੀਆਂ ਤੇ ਵਾਹਨਾਂ ਦੇ ਮੌਕੇ 'ਤੇ ਚਲਾਨ ਕਰਨ, ਜਿਸ ਨਾਲ ਟਰੈਫਿਕ ਕੰਟਰੋਲ ਕਰਨ 'ਚ ਸੌਖ ਹੋਵੇਗੀ, ਜਿਸ ਨਾਲ ਰਾਹਗੀਰਾਂ ਤੇ ਸਥਾਨਕ ਦੁਕਾਨਦਾਰਾਂ ਨੂੰ ਇਸ ਸਮੱਸਿਆ ਤੋਂ ਨਿਜਾਤ ਮਿਲ ਸਕੇਗੀ।

# ਦੀਪਾਂਕਰ ਗਰਗ ਨੇ ਐੱਸ ਡੀ ਐੱਮ ਮੋਹਾਲੀ ਦਾ ਚਾਰਜ ਸੰਭਾਲਿਆ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**-ਪੰਜਾਬ ਸਿਵਲ ਸੇਵਾਵਾਂ 2020 ਬੈਚ ਦੇ ਅਧਿਕਾਰੀ ਦੀਪਾਂਕਰ ਗਰਗ ਨੇ ਅੱਜ ਬਤੌਰ ਉਪ ਮੰਡਲ ਮੈਜਿਸਟ੍ਰੇਟ, ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਸਬ ਡਵੀਜ਼ਨ ਅਹੁਦਾ ਸੰਭਾਲ ਲਿਆ ਹੈ। ਉਨ੍ਹਾਂ ਕਿਹਾ ਕਿ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਆਮ ਲੋਕਾਂ ਨੂੰ ਰਾਹਤ ਪਹੁੰਚਾਉਣਾ ਪਹਿਲ ਹੋਵੇਗੀ ਤਾਂ ਜੋ ਕਿਸੇ ਵੀ ਵਿਅਕਤੀ ਨੂੰ ਫਾਈਲਾਂ/ਕੰਮਾਂ ਦੇ ਨਿਪਟਾਰੇ ਲਈ ਇੰਤਜ਼ਾਰ ਨਾ ਕਰਨਾ ਪਵੇ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਵਚਨਬੱਧਤਾ ਅਨੁਸਾਰ ਭਲਾਈ ਸਕੀਮਾਂ ਅਤੇ ਫਲੈਗਸ਼ਿਪ ਪ੍ਰੋਗਰਾਮਾਂ ਦਾ ਲਾਭ ਸਾਰੇ ਯੋਗ ਲੋਕਾਂ ਤੱਕ ਪਹੁੰਚਾਉਣਾ ਯਕੀਨੀ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਮੋਹਾਲੀ ਸਬ ਡਵੀਜ਼ਨ ਨਾਲ ਸਬੰਧਤ ਕਿਸੇ ਵੀ ਵਿਅਕਤੀ ਨੂੰ ਜੇਕਰ ਸਬ ਡਵੀਜ਼ਨ ਦਫਤਰ ਨਾਲ ਸਬੰਧਤ ਕੋਈ ਵੀ ਸ਼ਿਕਾਇਤ ਹੈ ਤਾਂ ਉਹ ਉਨ੍ਹਾਂ ਦੇ ਦਫਤਰ ਵਿੱਚ ਸੰਪਰਕ ਕਰ ਸਕਦਾ ਹੈ। ਐਸ ਡੀ ਐਮ ਗਰਗ ਇਸ ਤੋਂ ਪਹਿਲਾਂ ਐਸ ਡੀ ਐਮ ਮੋਰਿੰਡਾ (ਰੂਪਨਗਰ), ਸਹਾਇਕ ਕਮਿਸ਼ਨਰ (ਜਨਰਲ) ਰੂਪਨਗਰ ਅਤੇ ਸ਼ਹੀਦ ਭਗਤ ਸਿੰਘ ਨਗਰ ਵਿਖੇ ਸੇਵਾਵਾਂ ਨਿਭਾਅ ਚੁੱਕੇ ਹਨ। ਪੰਜਾਬ ਇੰਜਨੀਅਰਿੰਗ ਕਾਲਜ, ਚੰਡੀਗੜ੍ਹ 2012 ਬੈਚ ਦੇ ਬੀ-ਟੈਕ ਸਿਵਲ ਇੰਜਨੀਅਰਿੰਗ ਪਾਸ ਆਊਟ, ਦੀਪਾਂਕਰ ਗਰਗ ਨੇ 2020 ਵਿੱਚ ਸਿੱਧੇ ਤੌਰ 'ਤੇ ਪੰਜਾਬ ਸਿਵਲ ਸਰਵਿਸਿਜ਼ (ਕਾਰਜਕਾਰੀ) 'ਚ ਆਉਣ ਤੋਂ ਪਹਿਲਾਂ, ਪੀ ਸੀ ਐਸ ਅਲਾਈਡ ਸੇਵਾਵਾਂ 'ਚ ਈ ਟੀ ਓ ਅਤੇ ਤਹਿਸੀਲਦਾਰ ਵਜੋਂ ਵੀ ਸੇਵਾ ਨਿਭਾਈ ਹੈ।

# ਤਿੰਨ ਜਥੇਬੰਦੀਆਂ ਵੱਲੋਂ ਪੁਰਾਣੀ ਪੈਨਸ਼ਨ ਬਹਾਲੀ ਸਾਂਝੇ ਮੋਰਚੇ ਦਾ ਗਠਨ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਪੁਰਾਣੀ ਪੈਨਸ਼ਨ ਬਹਾਲੀ ਲਈ ਲੜਨ ਵਾਲੀਆਂ ਪੰਜਾਬ ਦੀਆਂ ਤਿੰਨ ਜਥੇਬੰਦੀਆਂ ਨੇ ਇੱਕ ਅਹਿਮ ਫ਼ੈਸਲਾ ਲੈਂਦਿਆਂ ਇੱਕ ਸਾਂਝੇ ਫ਼ਰੰਟ ਦਾ ਗਠਨ ਕੀਤਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਪੰਜਾਬ ਦੇ ਦੋਆਬਾ ਜ਼ੋਨ ਦੇ ਕਨਵੀਨਰ ਇੰਦਰ ਸੁਖਦੀਪ ਸਿੰਘ ਓਢਰਾ, ਜ਼ਿਲ੍ਹਾ ਕਨਵੀਨਰ ਗੁਰਜਿੰਦਰ ਸਿੰਘ ਮੰਝਪੁਰ ਅਤੇ ਮਨਜੀਤ ਸਿੰਘ ਦਸੂਹਾ ਆਦਿ ਆਗੂਆਂ ਦੱਸਿਆ ਕਿ ਸਾਂਝੇ ਮੋਰਚੇ ਦੇ ਗਠਨ ਲਈ ਹੋਈ ਮੀਟਿੰਗ ਵਿੱਚ ਪੰਜਾਬ ਵਿੱਚ ਪੁਰਾਣੀ ਪੈਨਸ਼ਨ ਦੀ ਪ੍ਰਾਪਤੀ ਲਈ ਸੰਘਰਸ਼ ਕਰ ਰਹੀਆਂ ਮੁਲਾਜ਼ਮ ਜਥੇਬੰਦੀਆਂ ਜਿਸ ਵਿੱਚ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਵੱਲੋਂ ਜਸਵੀਰ ਤਲਵਾੜਾ, ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਪੰਜਾਬ (ਗੁਰਜੰਟ ਕੋਕਰੀ) ਵਲੋਂ ਟਹਿਲ ਸਿੰਘ ਸਰਾਭਾ ਅਤੇ ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਪੰਜਾਬ (ਪੀ.ਪੀ.ਪੀ.ਐੱਫ.) ਵੱਲੋਂ ਅਤਿੰਦਰਪਾਲ ਸਿੰਘ ਘੱਗਾ ਸਾਥੀਆਂ ਸਮੇਤ ਸ਼ਾਮਲ ਹੋਏ। ਜਿਸ ਵਿੱਚ ਮੋਰਚੇ ਦੇ ਤਿੰਨ ਸਾਂਝੇ ਕਨਵੀਨਰਾਂ ਜਸਵੀਰ ਤਲਵਾੜਾ, ਅਤਿੰਦਰਪਾਲ ਸਿੰਘ ਘੱਗਾ ਅਤੇ ਗੁਰਜੰਟ ਸਿੰਘ ਕੋਕਰੀ ਦੀ ਅਗਵਾਈ ਹੇਠ ਪੁਰਾਣੀ ਪੈਨਸ਼ਨ ਬਹਾਲੀ ਸਾਂਝਾ ਮੋਰਚਾ ਪੰਜਾਬ ਦਾ ਗਠਨ ਕੀਤਾ ਗਿਆ ਅਤੇ ਫ਼ੈਸਲਾ ਕੀਤਾ ਗਿਆ ਕਿ ਇਸ ਸਾਂਝੇ ਮੋਰਚੇ ਵਲੋਂ 25 ਫਰਵਰੀ ਨੂੰ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਸ਼ਹਿਰ ਸੰਗਰੂਰ ਵਿਖੇ ਸੂਬਾ ਪੱਧਰੀ ਵਿਸ਼ਾਲ ਰੈਲੀ ਕੀਤੀ ਜਾਵੇਗੀ। ਸੰਗਰੂਰ ਰੈਲੀ ਦੀ ਤਿਆਰੀ ਅਤੇ ਸਾਂਝ ਦੇ ਸੁਨੇਹੇ ਨੂੰ ਜ਼ਮੀਨੀ ਪੱਧਰ ਤੱਕ ਲੈ ਕੇ ਜਾਣ ਲਈ 10 ਅਤੇ 11 ਫਰਵਰੀ ਨੂੰ ਪੰਜਾਬ ਦੇ ਸਮੂਹ ਜ਼ਿਲ੍ਹਿਆਂ ਵਿੱਚ ਜ਼ਿਲ੍ਹਾ ਪੱਧਰੀ ਮੀਟਿੰਗਾਂ ਕੀਤੀਆਂ ਜਾਣਗੀਆਂ। ਇਸ ਉਪਰੰਤ ਸਮੂਹ ਕਨਵੀਨਰਾਂ ਵੱਲੋਂ ਪੁਰਾਣੀ ਪੈਨਸ਼ਨ ਬਹਾਲੀ ਸਾਂਝਾ ਮੋਰਚਾ ਪੰਜਾਬ ਵਿੱਚੋਂ ਹਾਲੇ ਤੱਕ ਬਾਹਰ ਰਹਿਣ ਵਾਲੀਆਂ ਪੁਰਾਣੀ ਪੈਨਸ਼ਨ ਪ੍ਰਾਪਤੀ ਲਈ ਸੰਘਰਸ਼ ਕਰ ਰਹੀਆਂ ਸਾਰੀਆਂ ਜਥੇਬੰਦੀਆਂ ਨੂੰ ਇਸ ਸਾਂਝੇ ਸੰਘਰਸ਼ ਵਿੱਚ ਸ਼ਾਮਿਲ ਹੋਣ ਦੀ ਜਥੇਬੰਦਕ ਅਪੀਲ ਵੀ ਕੀਤੀ ਗਈ ।ਇਸ ਮੌਕੇ ਗੁਰਵਿੰਦਰ ਸਿੰਘ ਖਹਿਰਾ, ਅਜੀਤ ਪਾਲ ਸਿੰਘ, ਬਿਕਰਮਜੀਤ ਸਿੰਘ ਕੱਦੋਂ, ਰਣਦੀਪ ਸਿੰਘ ਫਤਿਹਗੜ੍ਹ ਸਾਹਿਬ, ਦਰਸ਼ੀਕਾਂਤ ਰਾਜਪੁਰਾ, ਪ੍ਰਭਜੀਤ ਸਿੰਘ ਰਸੂਲਪੁਰ, ਹਰਦੀਪ ਟੋਡਰਪੁਰ, ਜਸਵਿੰਦਰ ਸਿੰਘ ਜੱਸਾ ਪਸੌਰੀਆਂ, ਸੁਰਿੰਦਰ ਕੁਮਾਰ ਪੁਆਰੀ, ਵਿਕਰਮਦੇਵ ਸਿੰਘ, ਜਗਸੀਰ ਸਹੋਤਾ, ਦਲਜੀਤ ਸਫੀਪੁਰ ਸਮੇਤ ਵੱਡੀ ਗਿਣਤੀ ਵਿੱਚ ਆਗੂ ਹਾਜ਼ਰ ਸਨ।

# ਲੜਾਈ-ਝਗੜੇ ਦੌਰਾਨ ਦੁੱਗਰੀ ਪਿੰਡ ਦੀ ਇਕ ਧਿਰ ਦੇ 10 ਲੋਕਾਂ 'ਤੇ ਮਾਮਲਾ ਦਰਜ

## ਡਾ. ਅੰਬੇਡਕਰ ਸੰਘਰਸ਼ ਮੋਰਚਾ ਦੇ ਆਗੂਆਂ ਨੇ ਸਾਥੀਆਂ ਸਮੇਤ ਪੁਲਸ ਚੌਕੀ ਕਿਸ਼ਨਗੜ੍ਹ ਦਾ ਕੀਤਾ ਘਿਰਾਓ



**ਕਿਸ਼ਨਗੜ੍ਹ (ਮਦਨ ਬੰਗੜ )**- ਬੀਤੇ ਦਿਨੀਂ ਪਿੰਡ ਦੁੱਗਰੀ 'ਚ ਹੋਏ 2 ਧਿਰਾਂ ਦੇ ਝਗੜੇ ਦੌਰਾਨ ਇਕ ਧਿਰ ਦੇ 10 ਲੋਕਾਂ 'ਤੇ ਕੀਤੇ ਗਏ ਦਰਜ ਮਾਮਲੇ ਨੂੰ ਸਰਕਾਰ ਦੀ ਸ਼ਹਿ ਤੇ ਪੁਲਸ ਦੀ ਮਿਲੀਭੁਗਤ ਨਾਲ ਨਾਜਾਇਜ਼ ਤੇ ਗਲਤ ਦੱਸਦਿਆਂ ਡਾ. ਅੰਬੇਡਕਰ ਸੰਘਰਸ਼ ਮੋਰਚਾ ਪੰਜਾਬ ਦੇ ਪ੍ਰਧਾਨ ਤਰਲੋਕ ਵੇਂਡਲ ਦੀ ਅਗਵਾਈ 'ਚ ਆਗੂਆਂ ਨੇ ਆਪਣੇ ਅਨੇਕਾਂ ਸਾਥੀਆਂ ਸਮੇਤ ਬੀਤੇ ਦਿਨ ਸਥਾਨਕ ਪੁਲਸ ਚੌਕੀ ਕਿਸ਼ਨਗੜ੍ਹ ਦਾ ਜ਼ਬਰਦਸਤ ਘਿਰਾਓ ਕੀਤਾ। ਉਕਤ ਆਗੂਆਂ ਨੇ ਪੁਲਸ ਚੌਕੀ ਦੇ ਗੇਟ ਅੱਗੇ ਧਰਨਾ ਲਾ ਕੇ ਸੂਬਾ ਸਰਕਾਰ ਤੇ ਸਥਾਨਕ ਪੁਲਸ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ। ਇਸ ਸਬੰਧੇ ਤਰਲੋਕ ਵੇਂਡਲ, ਡਾ.ਹਰਜਿੰਦਰ ਮੱਟੂ ਤੇ ਸੂਬੇਦਾਰ ਚਰਨਜੀਤ ਸਿੰਘ ਸੋਹਲ ਆਦਿ ਨੇ ਦੱਸਿਆ ਕਿ ਨਜ਼ਦੀਕੀ ਪਿੰਡ ਦੁੱਗਰੀ 'ਚ ਬੀਤੇ ਕੁਝ ਦਿਨ ਪਹਿਲਾਂ ਦੋ ਧਿਰਾਂ 'ਚ ਝਗੜਾ ਹੋਇਆ ਸੀ, ਜਿਸ 'ਚ ਇਕ ਧਿਰ ਦੇ 10 ਲੋਕਾਂ 'ਤੇ ਸੂਬਾ ਸਰਕਾਰ ਦੀ ਸ਼ਹਿ 'ਤੇ ਮਾਮਲਾ ਦਰਜ ਕਰ ਦਿੱਤਾ ਗਿਆ ਸੀ, ਜਦਕਿ ਇਸ ਝਗੜੇ 'ਚ ਲਖਵੀਰ ਦੁੱਗਰੀ ਸ਼ਾਮਲ ਨਹੀਂ ਸੀ। ਉਸ 'ਤੇ ਅਤੇ ਉਸ ਦੇ ਬਾਕੀ ਸਾਥੀਆਂ 'ਤੇ 452 ਦਾ ਮਾਮਲਾ ਝੂਠਾ ਤੇ ਬੇ-ਬੁਨਿਆਦ ਦਰਜ ਕਰ ਦਿੱਤਾ ਗਿਆ। ਇਸ ਝਗੜੇ 'ਚ ਇਕ ਅਨਮੋਲ ਨਾਂ ਦੇ ਨੌਜਵਾਨ ਨੂੰ ਘਰੋਂ ਚੁੱਕ ਕੇ ਦੂਸਰੀ ਧਿਰ ਵੱਲੋਂ ਆਪਣੇ ਘਰ ਲਿਜਾ ਕੇ ਉਸ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ ਸੀ। ਦੂਜੀ ਧਿਰ ਦੇ ਲੋਕਾਂ 'ਤੇ ਪੁਲਸ ਨੇ ਇਸ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ। ਉਨ੍ਹਾਂ ਪੁਲਸ ਦੇ ਉੱਚ ਅਫਸਰਾਂ ਤੋਂ ਪੁਰਜ਼ੋਰ ਮੰਗ ਕੀਤੀ ਹੈ ਕਿ ਦੂਸਰੀ ਧਿਰ 'ਤੇ ਬਣਦੀ ਕਾਰਵਾਈ ਕਰ ਕੇ ਪਰਚਾ ਦਰਜ ਕੀਤਾ ਜਾਵੇ ਤੇ 452 ਧਾਰਾ ਨੂੰ ਤੁਰੰਤ ਖਾਰਜ ਕੀਤਾ ਜਾਵੇ। ਸੂਚਨਾ ਮਿਲਣ 'ਤੇ ਸਥਾਨਕ ਕਿਸ਼ਨਗੜ੍ਹ ਪੁਲਸ ਚੌਕੀ ਪਹੁੰਚੇ ਐੱਸ.ਐੱਚ.ਓ. ਕਰਤਾਰਪੁਰ ਨੇ ਪ੍ਰਦਰਸ਼ਨਕਾਰੀਆਂ ਨੂੰ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਨ ਤੇ ਇਨਸਾਫ ਦੇਣ ਦਾ ਭਰੋਸਾ ਦਿੱਤਾ, ਜਿਸ ਤੋਂ ਬਾਅਦ ਪ੍ਰਦਰਸ਼ਨਕਾਰੀਆਂ ਨੇ ਧਰਨਾ ਸਮਾਪਤ ਕੀਤਾ। ਇਸ ਮੌਕੇ ਸੋਹਣ ਲਾਲ ਸੰਧੂ, ਤਰਸੇਮ ਸਹੋਤਾ ਮੁੱਖ ਬੁਲਾਰਾ ਪੰਜਾਬ, ਕਾਲਾ ਨਾਗਰਾ ਯੂਥ ਪ੍ਰਧਾਨ, ਸੰਤੋਖ ਕਾਹਲੋਂ, ਰੋਹਿਤ ਲੋਹਗੜ੍ਹੀਆ, ਬਲਵੀਰ ਪੰਚ, ਵਿੱਕੀ ਚੁਗਿੱਟੀ, ਸੰਨੀ ਸਹਿਰੀ ਚੇਅਰਮੈਨ, ਸੋਨੀਆ ਕਾਲਾ ਬੱਕਰਾ ਆਦਿ ਹਾਜ਼ਰ ਸਨ।

# ਟੈਕਨੋ ਸਪਾਰਕ 20 ਨੇ ਸਟੋਰੇਜ ਦੇ ਹੁਣ ਤੱਕ ਦੇ ਸਾਰੇ ਰਿਕਾਰਡ ਤੋੜੇ

**ਚੰਡੀਗੜ੍ਹ :** ਗਲੋਬਲ ਸਮਾਰਟਫੋਨ ਬ੍ਰਾਂਡ ਟੈਕਨੋ ਆਪਣੇ ਸਲੋਗਨ ਸਟਾਪ ਐਟ ਨਥਿੰਗ ਨੂੰ ਹਕੀਕਤ ਵਿੱਚ ਬਦਲ ਰਿਹਾ ਹੈ ਅਤੇ 30 ਜਨਵਰੀ, 2024 ਨੂੰ ਆਲਰਾਊਂਡਰ ਸਪਾਰਕ ਸੀਰੀਜ਼ ਵਿੱਚ ਲੇਟੈਸਟ ਅਡੀਸ਼ਨ ਸਪਾਰਕ 20 ਦੇ ਲਾਂਚ ਨਾਲ ਪ੍ਰੀਮੀਅਮ ਹਾਰਡਵੇਅਰ ਅਤੇ ਸਾਫਟਵੇਅਰ ਤਕਨੀਕ ਨੂੰ ਭਾਰਤੀ ਖਪਤਕਾਰਾਂ ਲਈ ਪਹੁੰਚਯੋਗ ਬਣਾ ਰਿਹਾ ਹੈ। ਡਿਟੇਲ ਵਿੱਚ ਜਾਣ ਤੋਂ ਪਹਿਲਾਂ ਐਮਾਜ਼ਾਨ ਅਤੇ ਟੈਕਨੋ ਦੇ ਸੋਸ਼ਲ ਹੈਂਡਲਜ਼ 'ਤੇ ਸਮਾਰਟਫੋਨ ਦੇ ਟੀਜ਼ਰ ਨਾਲ ਮਨਮੋਹ ਲੈਣ ਵਾਲੀ ਇੱਕ ਪ੍ਰੀਮੀਅਮ ਦਿੱਖ ਵਾਲੀ ਡੀਵਾਈਸ ਦੀਪਿਕਾ ਪਾਦੂਕੋਣ ਦੇ ਹੱਥਾਂ ਵਿੱਚ ਦਿਖਾਈ ਦਿੰਦੀ ਹੈ। 2024 ਵਿੱਚ ਗਿਅਰ ਨੂੰ ਬਦਲਦੇ ਹੋਏ ਟੈਕਨੋ ਆਪਣੇ ਡਾਈਨਾਮਿਕ ਬ੍ਰਾਂਡ ਅੰਬੈਸਡਰ ਰਾਹੀਂ ਪਹਿਲਾਂ ਤੋਂ ਹੀ ਇਨੋਵੇਸ਼ਨ ਨੂੰ ਹੋਰ ਸਟਾਈਲਿਸ ਬਣਾਉਣ ਅਤੇ ਅੱਜ ਦੇ ਉਪਭੋਗਤਾਵਾਂ ਦੀਆਂ ਉੱਭਰਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਕਦਮ ਉਠਾ ਰਿਹਾ ਹੈ। ਮਾਈਂਡ ਬਲੋਇੰਗ 256ਜੀਬੀ ਸਟੋਰੇਜ ਅਤੇ ਇੱਕ ਸ਼ਾਨਦਾਰ 8ਜੀਬੀ+8ਜੀਬੀ ਰੈਮ ਕੰਬੋ ਦੇ ਨਾਲ ਜੋ ਇਸ ਸੈਗਮੇਂਟ ਵਿੱਚ ਪਹਿਲਾਂ ਕਦੇ ਨਹੀਂ ਦੇਖਿਆ ਗਿਆ।

# ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਤਰਨ ਤਾਰਨ ਦੀ ਕਾਨਫਰੰਸ 31 ਮਾਰਚ ਨੂੰ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਤਰਨ ਤਾਰਨ ਮੀਟਿੰਗ ਰਾਣਾ ਮਸੀਹ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਜਥੇਬੰਦੀ ਦੇ ਮਾਝਾ ਜ਼ੋਨ ਦੇ ਇੰਚਾਰਜ ਜਸਬੀਰ ਸਿੰਘ ਝਬਾਲ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਮੀਟਿੰਗ ਦੇ ਫੈਸਲੇ ਦੀ ਪ੍ਰੈੱਸ ਜਾਣਕਾਰੀ ਦਿੰਦੇ ਦੱਸਿਆ ਕਿ ਜਥੇਬੰਦੀ ਦੀ ਮੈਂਬਰਸ਼ਿਪ 14600 ਮਾਝਾ ਜ਼ੋਨ ਦੇ ਇੰਚਾਰਜ ਜਸਬੀਰ ਸਿੰਘ ਝਬਾਲ ਕੋਲ ਜਮ੍ਹਾ ਕਰਵਾਈ ਗਈ ਹੈ। ਜ਼ਿਲੇ ਅੰਦਰ ਜਥੇਬੰਦੀ ਨੂੰ ਮਜ਼ਬੂਤ ਕਰਨ ਲਈ ਯੂਨਿਟ ਚੋਣਾਂ ਅਤੇ ਮੀਟਿੰਗ ਕਰਕੇ ਖੇਤ ਮਜ਼ਦੂਰਾਂ ਦੇ ਭੱਖਦੇ ਮਸਲਿਆਂ ਲਈ ਸੰਘਰਸ਼ ਕਰਨ ਲਈ ਜਥੇਬੰਦ ਕੀਤਾ ਜਾਵੇਗਾ। ਮਨਰੇਗਾ ਸਕੀਮ ਤਹਿਤ ਮਜ਼ਦੂਰਾਂ ਨੂੰ ਰੁਜ਼ਗਾਰ ਨਾ ਦੇਣ ਲਈ ਕੇਂਦਰ ਅਤੇ ਪੰਜਾਬ ਸਰਕਾਰ ਦੀ ਨਿੰਦਾ ਕੀਤੀ ਗਈ। ਫਰਵਰੀ ਮਹੀਨੇ ਵਿੱਚ ਜ਼ਿਲ੍ਹੇ ਅੰਦਰ ਕਾਨਫਰੰਸਾਂ ਕੀਤੀਆਂ ਜਾਣਗੀਆਂ। 31 ਮਾਰਚ ਨੂੰ ਜ਼ਿਲ੍ਹਾ ਕਾਨਫਰੰਸ ਤਰਨ ਤਾਰਨ ਵਿਖੇ ਕੀਤੀ ਜਾਵੇਗੀ। ਮੀਟਿੰਗ ਵਿੱਚ ਗੁਰਦੀਪ ਸਿੰਘ ਭਿੱਖੀਵਿੰਡ, ਭੀਮ ਸਿੰਘ ਦਰਾਜਕੇ, ਚਾਨਣ ਸਿੰਘ ਪਹਿਲਵਾਨ ਕੇ, ਬਲਰਾਜ ਸਿੰਘ ਮਨਿਆਲਾ, ਲਾਲ ਸਿੰਘ ਸਿੰਘਪੁਰਾ, ਪ੍ਰੇਮ ਸਿੰਘ ਸਿੱਧਵਾਂ, ਰਾਜਬੀਰ ਸਿੰਘ, ਹੀਰਾ ਸਿੰਘ ਮਾੜੀ ਕੰਬੋਕੇ ਅਤੇ ਹੋਰ ਬਹੁਤ ਸਾਰੇ ਸਾਥੀ ਹਾਜ਼ਰ ਸਨ।

# ਗੁਰੂ ਨਾਨਕ ਖਾਲਸਾ ਕਾਲਜ ਦਾ ਸ਼ਾਨਦਾਰ ਪ੍ਰਦਰਸ਼ਨ



**ਸੁਲਤਾਨਪੁਰ ਲੋਧੀ, ( ਹਨੀ )**- ਯੁਵਕ ਸੇਵਾਵਾਂ ਵਿਭਾਗ ਪੰਜਾਬ ਵੱਲੋਂ ਲਾਇਲਪੁਰ ਖ਼ਾਲਸਾ ਕਾਲਜ ਕਪੂਰਥਲਾ ਵਿਖੇ ਕਰਵਾਏ ਗਏ ਜ਼ਿਲ੍ਹਾ ਪੱਧਰੀ ਯੁਵਕ ਮੇਲੇ ਵਿੱਚ ਗੁਰੂ ਨਾਨਕ ਖ਼ਾਲਸਾ ਕਾਲਜ ਸੁਲਤਾਨਪੁਰ ਲੋਧੀ ਦੇ ਵਿਦਿਆਰਥੀਆਂ ਨੇ ਪ੍ਰੋ. ਗੁਰਪ੍ਰੀਤ ਕੌਰ ਮੁਖੀ ਸੰਗੀਤ ਵਿਭਾਗ ਦੀ ਅਗਵਾਈ ਹੇਠ ਵੱਖ ਵੱਖ ਆਈਟਮਾਂ ਵਿੱਚ ਭਾਗ ਲਿਆ। ਜਿਸ ਵਿੱਚ ਪ੍ਰਭਦਿਆਲ ਸਿੰਘ ਬੀ.ਏ. ਭਾਗ ਦੂਜਾ ਦੇ ਵਿਦਿਆਰਥੀ ਨੇ ਲੋਕ ਗੀਤ ਵਿੱਚ ਪਹਿਲਾ ਸਥਾਨ, ਪਰਮਪ੍ਰੀਤ ਕੌਰ, ਹਰਜੋਤ ਕੌਰ, ਪੂਨਮਪ੍ਰੀਤ ਕੌਰ, ਗਗਨਪ੍ਰੀਤ ਕੌਰ ਬੀ.ਏ. ਭਾਗ ਦੂਜਾ ਦੀਆਂ ਵਿਦਿਆਰਥਣਾਂ ਨੇ ਕਵੀਸ਼ਰੀ ਵਿੱਚ ਦੂਜਾ ਸਥਾਨ ਅਤੇ ਅਕਾਸ਼ਦੀਪ ਸਿੰਘ ਬੀ.ਏ ਭਾਗ ਪਹਿਲਾ ਦੇ ਵਿਦਿਆਰਥੀ ਨੇ ਮਮਿਕਰੀ ਵਿੱਚ ਤੀਜਾ ਸਥਾਨ ਹਾਸਲ ਕੀਤਾ। ਕਾਲਜ ਦੀ ਮੈਨੇਜਿੰਗ ਕਮੇਟੀ ਦੇ ਪ੍ਰਧਾਨ ਇੰਜੀਨੀਅਰ ਸਵਰਨ ਸਿੰਘ ਨੇ ਵਿਦਿਆਰਥੀਆਂ ਦੀ ਇਸ ਉਪਲਬਧੀ ਲਈ ਵਧਾਈ ਦਿੱਤੀ। ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਪ੍ਰੋ. ਜਸਬੀਰ ਕੌਰ ਨੇ ਵਿਦਿਆਰਥੀਆਂ ਦੀ ਸ਼ਲਾਘਾ ਕੀਤੀ ਅਤੇ ਇਸੇ ਤਰ੍ਹਾਂ ਹੀ ਭਾਗੀਦਾਰੀ ਲੈਣ ਅਤੇ ਆਪਣੀ ਪ੍ਰਤਿਭਾ ਨੂੰ ਹੋਰ ਨਿਖਾਰਨ ਲਈ ਪ੍ਰੇਰਿਤ ਕੀਤਾ।

# ਜੀ ਆਰ ਡੀ ਸਕੂਲ ਟਾਂਡਾ ਵਿਖੇ ਵਿਦਾਇਗੀ ਸਮਾਰੋਹ



**ਟਾਂਡਾ ਉੜਮੁੜ, (ਉਂਕਾਰ ਸਿੰਘ, ਜਸਵਿੰਦਰ ਸੰਧੂ )**-ਸ੍ਰੀ ਗੁਰੂ ਰਾਮਦਾਸ ਸੇਵਾ ਸਿਮਰਨ ਸੁਸਾਇਟੀ ਟਾਂਡਾ ਵੱਲੋਂ ਚਲਾਏ ਜਾ ਰਹੇ ਜੀ.ਆਰ.ਡੀ ਇੰਟਰਨੈਸ਼ਨਲ ਸਕੂਲ ਵਿਖੇ ਨੌਵੀਂ ਕਲਾਸ ਦੇ ਵਿਦਿਆਰਥੀਆਂ ਨੇ ਦਸਵੀਂ ਕਲਾਸ ਦੇ ਵਿਦਿਆਰਥੀਆਂ ਨੂੰ ਵਿਦਾਇਗੀ ਪਾਰਟੀ ਦਿੱਤੀ। ਜੀ.ਆਰ.ਡੀ ਸਿੱਖਿਆ ਸੰਸਥਾਵਾਂ ਦੇ ਮੈਨੇਜਰ ਸਰਬਜੀਤ ਸਿੰਘ ਮੋਮੀ ਤੇ ਪ੍ਰਿੰਸੀਪਲ ਅਮਨਦੀਪ ਕੌਰ ਢਿੱਲੋਂ ਦੀ ਅਗਵਾਈ 'ਚ ਕਰਵਾਏ ਗਏ ਵਿਦਾਇਗੀ ਸਮਾਰੋਹ ਵਿੱਚ ਸਭ ਤੋਂ ਪਹਿਲਾਂ ਬੱਚਿਆਂ ਨੇ ਸ਼ਬਦ ਗਾਇਨ ਕੀਤਾ ਉਪਰੰਤ ਵੱਖ-ਵੱਖ ਕਲਾਸਾਂ ਦੇ ਵਿਦਿਆਰਥੀਆਂ ਨੇ ਸਕਿੱਟਾਂ, ਕਵਿਤਾਵਾਂ ਅਤੇ ਨਾਟਕ ਰਾਹੀ ਸਮਾਜਿਕ ਬੁਰਾਈਆਂ ਜਿਵੇਂ ਦਹੇਜ ਪ੍ਰਥਾ, ਰਿਸ਼ਵਤਖੋਰੀ ਅਤੇ ਨਸ਼ਿਆਂ ਨੂੰ ਖਤਮ ਕਰਨ ਦਾ ਸੰਦੇਸ਼ ਦਿੱਤਾ। ਇਸ ਮੌਕੇ ਮੈਨੇਜਰ ਸਰਬਜੀਤ ਸਿੰਘ ਮੋਮੀ ਤੇ ਪ੍ਰਿੰਸੀਪਲ ਅਮਨਦੀਪ ਕੌਰ ਢਿੱਲੋਂ ਨੇ ਦਸਵੀਂ ਕਲਾਸ ਦੇ ਵਿਦਿਆਰਥੀਆਂ ਨੂੰ ਉਹਨਾਂ ਦੇ ਬਿਹਤਰ ਭਵਿੱਖ ਵਾਸਤੇ ਸ਼ੁੱਭਕਾਮਨਾਵਾਂ ਦਿੱਤੀਆਂ ਤੇ ਨੌਵੀਂ ਕਲਾਸ ਦੇ ਵਿਦਿਆਰਥੀਆਂ ਨੂੰ ਪੂਰੀ ਮਿਹਨਤ ਤੇ ਲਗਨ ਨਾਲ ਪੜ੍ਹਾਈ ਕਰਨ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਸਕੂਲ ਦੇ ਹੋਣਹਾਰ ਵਿਦਿਆਰਥੀਆਂ ਨੂੰ ਯਾਦਗਾਰੀ ਚਿੰਨ ਭੇਟ ਕਰਕੇ ਸਨਮਾਨਤ ਵੀ ਕੀਤਾ ਗਿਆ।

ਇਸ ਮੌਕੇ ਮੈਡਮ ਰਾਜਵਿੰਦਰ ਕੌਰ, ਐਡਮਿਸ਼ਨ ਇੰਚਾਰਜ ਲਵਲੀ ਸੈਣੀ, ਪ੍ਰਬੰਧਕ ਦਲਜਿੰਦਰ ਕੌਰ, ਬਲਜੀਤ ਕੌਰ, ਤਜਿੰਦਰ ਕੌਰ, ਗੁਰਪ੍ਰੀਤ ਕੌਰ, ਰਾਜਵਿੰਦਰ ਕੌਰ, ਹਰਦੀਪ ਕੌਰ, ਮਨਪ੍ਰੀਤ ਕੌਰ, ਮਨਜੀਤ ਕੌਰ, ਸਿਮਰਨ ਕੌਰ, ਸਿਮਰਜੀਤ ਕੌਰ, ਹਰਿੰਦਰ ਕੌਰ, ਰਜਨੀ ਸੈਣੀ, ਸੀਮਾ ਜਾਜਾ, ਨਿਸ਼ਾ ਰਾਣੀ, ਪਿੰਕੀ ਚੌਧਰੀ, ਕਸ਼ਮੀਰ ਕੌਰ, ਸਿਮਰਨਜੀਤ ਕੌਰ ਵੀ ਹਾਜ਼ਰ ਸਨ।

# ਤਿੰਨ ਔਰਤਾਂ ਸਮੇਤ ਪੰਜ ਪ੍ਰਵਾਸੀ ਨਸ਼ਾ ਤਸਕਰ 5 ਕਿਲੋ ਅਫੀਮ ਸਮੇਤ ਕਾਬੂ



**ਜਲੰਧਰ ( ਸ਼ੈਲੀ ਐਲਬਰਟ)**:-ਪੁਲਸ ਕਮਿਸ਼ਨਰ ਸਵਪਨ ਸ਼ਰਮਾ ਦੀ ਅਗਵਾਈ ਹੇਠ ਜਲੰਧਰ ਕਮਿਸ਼ਨਰੇਟ ਪੁਲਸ ਨੇ ਇੱਕ ਵੱਡੀ ਸਫਲਤਾ ਹਾਸਲ ਕਰਦੇ ਹੋਏ ਤਿੰਨ ਔਰਤਾਂ ਸਮੇਤ ਪੰਜ ਪ੍ਰਵਾਸੀ ਨਸ਼ਾ ਤਸਕਰਾਂ ਨੂੰ 5 ਕਿਲੋ ਅਫੀਮ ਸਮੇਤ ਕਾਬੂ ਕੀਤਾ ਹੈ।ਇਸ ਸਬੰਧੀ ਪੁਲਸ ਕਮਿਸ਼ਨਰ ਨੇ ਦੱਸਿਆ ਕਿ ਪੁਲਸ ਨੂੰ ਇਕ ਗੁਪਤ ਸੂਹ ਮਿਲੀ ਸੀ ਕਿ ਸ਼ਹਿਰ ਵਿੱਚ ਤਸਕਰਾਂ ਦਾ ਇੱਕ ਗਰੋਹ ਚੱਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸੂਚਨਾ ਦੇ ਆਧਾਰ 'ਤੇ ਪੁਲਸ ਪਾਰਟੀ ਨੇ ਬੁੱਧਵਾਰ ਨੂੰ ਬਾਬਾ ਬੁੱਢਾ ਜੀ ਫਲਾਈਓਵਰ 'ਤੇ ਜਾਲ ਵਿਛਾਇਆ। ਸਵਪਨ ਸ਼ਰਮਾ ਨੇ ਦੱਸਿਆ ਕਿ ਪੁਲਸ ਪਾਰਟੀ ਨੇ ਕਪੂਰਥਲਾ ਰੋਡ ਵਾਲੇ ਪਾਸੇ ਤੋਂ ਤਿੰਨ ਔਰਤਾਂ ਸਮੇਤ ਪੰਜ ਵਿਅਕਤੀਆਂ ਨੂੰ ਆਉਂਦੇ ਦੇਖਿਆ।ਪੁਲਸ ਕਮਿਸ਼ਨਰ ਨੇ ਦੱਸਿਆ ਕਿ ਪੁਲਸ ਪਾਰਟੀ ਨੂੰ ਦੇਖਦਿਆਂ ਹੀ ਗਰੋਹ ਦੇ ਪੁਰਸ਼ ਮੈਂਬਰਾਂ ਨੇ ਸ਼ੱਕੀ ਕਾਰਵਾਈ ਕੀਤੀ। ਉਨ੍ਹਾਂ ਦੱਸਿਆ ਕਿ ਪੁਲਸ ਪਾਰਟੀ ਵੱਲੋਂ ਉਕਤ ਵਿਅਕਤੀਆਂ ਦੀ ਬਾਰੀਕੀ ਨਾਲ ਚੈਕਿੰਗ ਕੀਤੀ ਗਈ ਤਾਂ ਦੋਨੋ ਪੁਰਸ਼ਾਂ ਪਾਸੋਂ 2 ਕਿਲੋ ਅਫੀਮ ਬਰਾਮਦ ਹੋਈ। ਪੁਲਸ ਕਮਿਸ਼ਨਰ ਨੇ ਦੱਸਿਆ ਕਿ ਔਰਤਾਂ ਦੇ ਥੈਲਿਆਂ ਦੀ ਤਲਾਸ਼ੀ ਦੌਰਾਨ ਤਿੰਨ ਕਿਲੋ ਅਫੀਮ (ਹਰੇਕ ਵਿੱਚੋਂ 1 ਕਿਲੋ) ਬਰਾਮਦ ਹੋਈ ਅਤੇ ਸਾਰੇ ਪੰਜ ਤਸਕਰਾਂ ਕੋਲੋਂ ਕੁੱਲ 5 ਕਿਲੋ ਅਫੀਮ ਬਰਾਮਦ ਹੋਈ। ਪੁਲਸ ਨੇ ਝਾਰਖੰਡ ਰਾਜ ਦੇ ਰਹਿਣ ਵਾਲੇ ਸਾਰੇ ਪੰਜ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ ਹੈ ਅਤੇ ਉਨ੍ਹਾਂ ਦੀ ਪਛਾਣ ਬਬਲੂ ਕੁਮਾਰ ਵਿਸ਼ਕਰਮਾ ਪੁੱਤਰ ਕੇਦਾਰ ਮਿਸਤਰੀ ਵਾਸੀ ਪਿੰਡ ਸ਼ਹੀਦਾਂ ਪੋ ਅਤੇ ਪੀ.ਐਸ. ਲਾਵਲੌਂਗ ਜ਼ਿਲ੍ਹਾ ਚਤਰਾ ਝਾਰਖੰਡ, ਪਰਦੀਪ ਵਿਸ਼ਕਰਮਾ ਪੁੱਤਰ ਸਵਰਗੀ ਉਪੇਂਦਰ ਵਿਸ਼ਕਰਮਾ ਵਾਸੀ ਪਿੰਡ ਸ਼ਹੀਦਾਂ ਲਾਵਾਲੌਂਗ ਜ਼ਿਲ੍ਹਾ ਚਤਰਾ ਝਾਰਖੰਡ, ਫੂਲਵਤੀ ਦੇਵੀ ਪਿੰਡ ਸ਼ਹੀਦਾਂ ਲਾਵਲੌਂਗ ਜ਼ਿਲ੍ਹਾ ਚਤਰਾ ਝਾਰਖੰਡ, ਪ੍ਰਤਿਮਾ ਦੇਵੀ ਪਿੰਡ ਪਿਪਰਾਲੈਸਲੀਗੰਜ ਜ਼ਿਲ੍ਹਾ ਪਲਾਮੂ ਝਾਰਖੰਡ ਅਤੇ ਆਰਤੀ ਦੇਵੀ ਵਾਸੀ ਪਿੰਡ ਸ਼ਹੀਦਾਂ ਲਾਵਾਲੌਂਗ ਜ਼ਿਲ੍ਹਾ ਚਤਰਾ ਝਾਰਖੰਡ। ਸਵਪਨ ਸ਼ਰਮਾ ਨੇ ਦੱਸਿਆ ਕਿ ਤਸਕਰਾਂ ਖਿਲਾਫ ਥਾਣਾ ਬਸਤੀ ਬਾਵਾ ਖੇਲ ਜਲੰਧਰ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ।

# 35 ਰੋਜ਼ਾ ਧਾਰਮਿਕ ਜੋੜ ਮੇਲੇ ਦੇ ਸਮਾਗਮ ਜਾਰੀ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਗੁਰਦੁਆਰਾ ਜਨਮ ਅਸਥਾਨ ਸੰਤ ਬਾਬਾ ਨਿਧਾਨ ਸਿੰਘ ਜੀ ਪਿੰਡ ਨਡਾਲੋਂ ਵਿਖੇ ਸੰਤ ਬਾਬਾ ਨਰਿੰਦਰ ਸਿੰਘ-ਸੰਤ ਬਾਬਾ ਬਲਵਿੰਦਰ ਸਿੰਘ ਸ੍ਰੀ ਹਜ਼ੂਰ ਸਾਹਿਬ ਵਾਲਿਆਂ ਦੀ ਸਰਪ੍ਰਸਤੀ ਅਤੇ ਜਥੇਦਾਰ ਬਾਬਾ ਗੁਰਮੀਤ ਸਿੰਘ ਕਾਰ ਸੇਵਾ ਸ੍ਰੀ ਹਜ਼ੂਰ ਸਾਹਿਬ ਵਾਲਿਆਂ ਦੀ ਦੇਖ ਰੇਖ ਹੇਠ ਸੰਤ ਬਾਬਾ ਨਿਧਾਨ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਿਤ ਮਨਾਏ ਜਾ ਰਹੇ 35 ਰੋਜ਼ਾ ਧਾਰਮਿਕ ਜੋੜ ਮੇਲੇ ਦੇ ਸਮਾਗਮ ਜਾਰੀ ਹਨ। ਜਥੇਦਾਰ ਬਾਬਾ ਗੁਰਮੀਤ ਸਿੰਘ ਕਾਰ ਸੇਵਾ ਸ੍ਰੀ ਹਜ਼ੂਰ ਸਾਹਿਬ ਵਾਲਿਆਂ ਨੇ ਦੱਸਿਆ ਕਿ 1 ਜਨਵਰੀ ਤੋਂ 31 ਜਨਵਰੀ ਤੱਕ ਜੋ ਨਾਮ ਸਿਮਰਨ ਜਾਪ ਦੋਵੇਂ ਵਖਤ ਸਵੇਰੇ-ਸ਼ਾਮ 5 ਵਜੇ ਤੋਂ 7 ਵਜੇ ਤੱਕ ਚੱਲ ਰਹੇ ਸਨ ਉਹ 1 ਫਰਵਰੀ ਤੋਂ 4 ਫਰਵਰੀ ਤੱਕ 24 ਘੰਟੇ ਨਿਰੰਤਰ ਚੱਲਣਗੇ ਅਤੇ ਸ੍ਰੀ ਅਖੰਡ ਪਾਠ ਸਾਹਿਬ ਦੇ ਪਾਠਾਂ ਦੀਆਂ ਲੜੀਆਂ ਜੋ ਚੱਲ ਰਹੀਆਂ ਹਨ, ਉਹ ਨਿਰੰਤਰ ਜਾਰੀ ਰਹਿਣਗੀਆਂ ਤੇ ਉਕਤ ਦੋਵਾਂ ਦੇ ਭੋਗ 4 ਫਰਵਰੀ ਨੂੰ ਸਵੇਰੇ 10 ਵਜੇ ਪਾਏ ਜਾਣਗੇ। ਉਪਰੰਤ ਮਹਾਨ ਗੁਰਮਤਿ ਸਮਾਗਮ ਹੋਵੇਗਾ, ਜਿਸ ਵਿੱਚ ਪੰਥ ਪ੍ਰਸਿੱਧ ਰਾਗੀ, ਢਾਡੀ, ਕਥਾਵਾਚਕ, ਕਵੀਸ਼ਰ ਤੇ ਸੰਤ-ਮਹਾਂਪੁਰਸ਼ ਆਈਆਂ ਸੰਗਤਾਂ ਨੂੰ ਗੁਰਬਾਣੀ ਕਥਾ ਕੀਰਤਨ, ਗੁਰਮਤਿ ਵਿਚਾਰਾਂ ਤੇ ਢਾਡੀ ਵਾਰਾਂ ਰਾਹੀਂ ਨਿਹਾਲ ਕਰਨਗੇ। ਉਨ੍ਹਾਂ ਦੱਸਿਆ ਕਿ ਇਸ ਹੀ ਦਿਨ ਜਿੱਥੇ ਖੰਡੇ ਬਾਟੇ ਦਾ ਅੰਮ੍ਰਿਤ ਛਕਾਇਆ ਜਾਵੇਗਾ ਉੱਥੇ ਅੱਖਾਂ ਅਤੇ ਜਨਰਲ ਰੋਗਾਂ ਦੇ ਮੁਫ਼ਤ ਕੈਂਪ ਅਤੇ ਖ਼ੂਨਦਾਨ ਕੈਂਪ ਵੀ ਲਗਾਏ ਜਾ ਰਹੇ ਹਨ। ਇਸ ਮੌਕੇ ਜਥੇਦਾਰ ਇਕਬਾਲ ਸਿੰਘ ਖੇੜਾ, ਸਾਬਕਾ ਸਰਪੰਚ ਜਸਵੀਰ ਸਿੰਘ ਭੱਟੀ, ਅਮਰਜੀਤ ਸਿੰਘ ਰਾਜਾ ਜਾਂਗਲੀਆਣਾ, ਲਖਵਿੰਦਰ ਸਿੰਘ ਵਿੰਦਾ, ਬਾਬਾ ਜਸਪਾਲ ਸਿੰਘ ਪੰਜੋੜ, ਬਾਬਾ ਅਕਾਸ਼ਦੀਪ ਸਿੰਘ ਬਾਸਰਕੇ, ਧਰਮਿੰਦਰ ਸਿੰਘ ਸੋਨੂੰ, ਦਲਵੀਰ ਸਿੰਘ ਭੱਟੀ, ਸ਼ਮਸ਼ੇਰ ਸਿੰਘ, ਗੁਰਕੀਰਤ ਸਿੰਘ, ਕਿਰਪਾਲ ਸਿੰਘ ਅਜਨੋਹਾ, ਬੂਟਾ ਸਿੰਘ ਕੋਟ ਫਤੂਹੀ, ਬਲਜਿੰਦਰ ਸਿੰਘ ਪੰਜੋੜ, ਕਿਸ਼ਨ ਸਿੰਘ ਲਾਂਗਰੀ, ਬਾਬਾ ਵਿੰਦਰ ਸਿੰਘ, ਬਲਬੀਰ ਸਿੰਘ ਅਮਰੀਕਾ, ਸ਼ੇਰ ਸਿੰਘ, ਮਨਪ੍ਰੀਤ ਸਿੰਘ ਧਰਦਿਉ, ਗੋਰਾ, ਬਾਬਾ ਬਾਜ਼ ਸਿੰਘ ਆਦਿ ਹਾਜ਼ਰ ਸਨ।

# ਬਲੈਕਜ਼ੋਨ ਮੋਬਾਇਲਜ਼ ਵੱਲੋਂ ਮੌਨੀ ਰਾਏ ਨਾਲ ਗਠਜੋੜ

**ਲੁਧਿਆਣਾ :** ਬਲੈਕਜ਼ੋਨ ਮੋਬਾਇਲਜ਼ ਨੇ ਆਪਣੇ ਫ਼ੀਚਰ ਫੋਨ ਅਤੇ ਸਮਾਰਟਵਾਚ ਦੀ ਰੇਂਜ ਲਈ ਬ੍ਰਾਂਡ ਅੰਬੈਸਡਰ ਦੇ ਰੂਪ ਵਿੱਚ ਮਸ਼ਹੂਰ ਭਾਰਤੀ ਅਭਿਨੇਤਰੀ ਮੌਨੀ ਰਾਏ ਦੇ ਨਾਲ ਗੱਠਜੋੜ ਕਰਨ ਦਾ ਐਲਾਨ ਕੀਤਾ ਹੈ। ਇਸ ਭਾਈਵਾਲੀ ਨਾਲ ਆਪਣੇ ਵਿਲੱਖਣ ਡਿਜ਼ਾਈਨਾਂ, ਤਕਨੀਕੀ ਨਵੀਨਤਾਵਾਂ ਅਤੇ ਕਿਫਾਇਤੀ ਕੀਮਤਾਂ ਲਈ ਲੋਕਪ੍ਰਿਅ ਬ੍ਰਾਂਡ ਦੀ ਵਧਦੀ ਪ੍ਰਸਿੱਧੀ ਨੂੰ ਹੋਰ ਗਤੀ ਮਿਲੀ ਹੈ। ਬਲੈਕਜ਼ੋਨ ਮੇਕ ਇਨ ਇੰਡੀਆ ਨੂੰ ਸਫ਼ਲ ਬਣਾਉਣ ਦੀ ਦਿਸ਼ਾ ਵਿੱਚ ਮੋਹਰੀ ਭੂਮਿਕਾ ਨਿਭਾ ਰਿਹਾ ਹੈ ਅਤੇ ਇਸ ਲਈ ਮੈਟਰੋ ਸ਼ਹਿਰਾਂ ਤੋਂ ਨਿੱਕਲ ਕੇ ਛੋਟੇ ਭਾਰਤੀ ਕਸਬਿਆਂ ਤੱਕ ਆਪਣੀ ਪਹੁੰਚ ਦਾ ਵਿਸਤਾਰ ਕਰ ਰਿਹਾ ਹੈ। ਆਪਣੇ ਅਧਿਕਾਰਤ ਇੰਸਟਾਗ੍ਰਾਮ ਅਕਾਊਂਟ 'ਤੇ ਇੱਕ ਦਿਲਚਸਪ ਰੀਲ ਨੂੰ ਸਾਂਝਾ ਕਰਦੇ ਹੋਏ ਰਾਏ ਨੇ ਆਪਣੇ ਦਰਸ਼ਕਾਂ ਲਈ ਬਲੈਕਜ਼ੋਨ ਬ੍ਰਾਂਡ ਪੇਸ਼ ਕੀਤਾ। ਬਾਲੀਵੁੱਡ ਸਟਾਰ ਦੇ ਨਾਲ ਆਪਣੇ ਗੱਠਜੋੜ ਦੇ ਬਾਰੇ ਵਿੱਚ ਕਰਨ ਠੁਕਰਾਲ ਚੇਅਰਮੈਨ ਬਲੈਕਜ਼ੋਨ ਨੇ ਕਿਹਾ ਕਿ ਮੌਨੀ ਰਾਏ ਨਾਲ ਆਪਣੇ ਗੱਠਜੋੜ 'ਤੇ ਸਾਨੂੰ ਬਹੁਤ ਮਾਣ ਹੈ ਜੋ ਸਾਡੇ ਦੇਸ਼ ਦੀ ਇੱਕ ਦੁਰਲੱਭ ਪ੍ਰਤਿਭਾ ਹਨ।

# ਆਈ ਵੀ ਵਰਲਡ ਸਕੂਲ 'ਚ ਵਿਦਿਆਰਥੀਆਂ ਨੇ ਰਾਸ਼ਟਰਪਿਤਾ ਦੀ ਬਰਸੀ ਮਨਾਈ




**ਜਲੰਧਰ (ਇਕਬਾਲ ਸਿੰਘ ਉੱਭੀ)**- ਆਈ ਵੀ ਵਰਲਡ ਸਕੂਲ ਵਾਸਲ ਐਜੂਕੇਸ਼ਨ ਸੁਸਾਇਟੀ ਦੁਆਰਾ ਆਪਣੇ ਵਿਦਿਆਰਥੀਆਂ ਨਾਲ ਰਾਸ਼ਟਰਪਿਤਾ ਮਹਾਤਮਾ ਗਾਂਧੀ ਦੀ ਬਰਸੀ 'ਤੇ ਉਨ੍ਹਾ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਅਧਿਆਪਕਾਂ ਨੇ ਇਸ ਮੌਕੇ ਗਾਂਧੀ ਜੀ ਦੀ ਕੁਰਬਾਨੀ ਨੂੰ ਯਾਦ ਕਰਦਿਆਂ ਅਤੇ ਉਨ੍ਹਾ ਦੀ ਵਿਰਾਸਤ ਨੂੰ ਯਾਦ ਕਰਦਿਆਂ, ਇੱਕ ਸਧਾਰਨ ਜੀਵਨ ਜਿਊਣ ਅਤੇ ਉਨ੍ਹਾ ਦੇ ਵਿਚਾਰਾਂ ਅਤੇ ਫ਼ਲਸਫ਼ਿਆਂ ਬਾਰੇ ਚਾਨਣਾ ਪਾਇਆ। ਇਸ ਮੌਕੇ ਸਕੂਲ ਵਿਦਿਆਰਥੀਆਂ ਨੇ ਮਹਾਤਮਾ ਗਾਂਧੀ ਦੁਆਰਾ ਦਰਸਾਏ ਸੱਚ ਅਤੇ ਅਹਿੰਸਾ ਦੇ ਮਾਰਗ 'ਤੇ ਚੱਲਣ ਦਾ ਪ੍ਰਣ ਲੈ ਕੇ ਉਨ੍ਹਾ ਨੂੰ ਸ਼ਰਧਾਂਜਲੀ ਭੇਟ ਕੀਤੀ। ਵਾਸਲ ਐਜੂਕੇਸ਼ਨ ਸੁਸਾਇਟੀ ਦੇ ਪ੍ਰਧਾਨ ਕੇ. ਕੇ. ਵਾਸਲ, ਚੇਅਰਮੈਨ ਸੰਜੀਵ ਵਾਸਲ, ਮੀਤ ਪ੍ਰਧਾਨ ਈਨਾ ਵਾਸਲ, ਸੀ.ਈ.ਓ. ਰਾਘਵ ਵਾਸਲ ਅਤੇ ਡਾਇਰੈਕਟਰ ਅਦਿੱਤੀ ਵਾਸਲ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਮਹਾਤਮਾ ਉਹ ਹੈ ਜਿਨ੍ਹਾਂ ਨੇ ਨਿਰਸਵਾਰਥ ਪਿਆਰ, ਬਲੀਦਾਨ ਅਤੇ ਮਨੁੱਖਤਾ ਦਾ ਸੰਦੇਸ਼ ਦਿੱਤਾ ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਮਾਰਗ ਦਰਸ਼ਕ ਹੈ। ਪ੍ਰਿੰਸੀਪਲ ਨੇ ਗਾਂਧੀ ਜੀ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਵਿਦਿਆਰਥੀਆਂ ਨੂੰ ਅਹਿੰਸਾ 'ਤੇ ਚੱਲਣ ਲਈ ਪ੍ਰੇਰਿਤ ਕੀਤਾ।

# ਠੱਕਰਵਾਲ 'ਚ ਗੁਰਮਤਿ ਸਮਾਗਮ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਠੱਕਰਵਾਲ ਵਿਖੇ ਭਾਮ ਰੋਡ 'ਤੇ ਸਮੂਹ ਨਗਰ ਨਿਵਾਸੀਆਂ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਸ੍ਰੀ ਸਿੰਘ ਸਭਾ ਦੇ 23 ਵੇਂ ਸਥਾਪਨਾ ਦਿਵਸ ਮੌਕੇ ਮਹਾਨ ਗੁਰਮਤਿ ਸਮਾਗਮ ਸ਼ਰਧਾ ਭਾਵਨਾ ਨਾਲ ਕਰਵਾਏ ਗਏ।ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜਥੇਦਾਰ ਰਘਬੀਰ ਸਿੰਘ ਠੱਕਰਵਾਲ, ਮਾਸਟਰ ਸਰਬਜੀਤ ਸਿੰਘ ਮੰਝ, ਕੈਪਟਨ ਗਿਆਨ ਸਿੰਘ ਨੇ ਦੱਸਿਆ ਕਿ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਮੌਕੇ ਸਮਾਗਮ ਦੌਰਾਨ ਸੰਤ ਬਾਬਾ ਸਰਵਣ ਸਿੰਘ ਮਾਣਕੋ ਜੱਬੜ, ਬਾਬਾ ਜਨਕ ਸਿੰਘ ਮਾਣਕੋ ਜੱਬੜ ਨੇ ਵਿਸ਼ੇਸ਼ ਤੌਰ 'ਤੇ ਪੁੱਜ ਕੇ ਹਾਜ਼ਰੀ ਭਰੀ।ਇਸ ਮੌਕੇ ਪ੍ਰਬੰਧਕਾਂ ਵੱਲੋਂ ਸਹਿਯੋਗੀਆਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਪ੍ਰਧਾਨ ਜਥੇਦਾਰ ਰਘਬੀਰ ਸਿੰਘ ਠੱਕਰਵਾਲ, ਮਾਸਟਰ ਸਰਬਜੀਤ ਸਿੰਘ ਮੰਝ, ਨੰਬਰਦਾਰ ਜਸਵਿੰਦਰ ਸਿੰਘ ਸਰਪੰਚ ਠੱਕਰਵਾਲ, ਹਰਵਿੰਦਰ ਸਿੰਘ ਸੋਨਾ, ਕੈਪਟਨ ਗਿਆਨ ਸਿੰਘ, ਡਾਕਟਰ ਪਰਮਜੀਤ ਸਿੰਘ, ਮਨਜੀਤ ਸਿੰਘ ਮੰਝ ਇਟਲੀ, ਕੈਪਟਨ ਅਮਨਚੈਨ ਸਿੰਘ, ਡਾਕਟਰ ਬਲਵੀਰ ਸਿੰਘ ਧਿਆਨਾ, ਗਿਆਨ ਸਿੰਘ, ਕੈਪਟਨ ਚਰਨਜੀਤ ਸਿੰਘ ਮਿਨਹਾਸ, ਪਰਮਿੰਦਰ ਸਿੰਘ ਮਿਨਹਾਸ, ਸਤਨਾਮ ਸਿੰਘ ਮੰਝ, ਚਰਨ ਸਿੰਘ ਮੰਝ, ਜਸਵੀਰ ਸਿੰਘ ਮੰਝ, ਮਖਤਿਆਰ ਸਿੰਘ, ਮਿਸਤਰੀ ਤਰਸੇਮ ਸਿੰਘ ਆਦਿ ਹਾਜ਼ਰ ਸਨ।ਉਪਰੰਤ ਦੀਵਾਨ ਹਾਲ ਵਿੱਚ ਭਾਈ ਸਰਬਜੀਤ ਸਿੰਘ ਪਾਰਸ ਹੈਡ ਗ੍ਰੰਥੀ ਨੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਜੀ ਦੇ ਲੰਗਰ ਅਤੁੱਟ ਵਰਤਾਏ ਗਏ।

# ਭਲਕ ਤੱਕ ਕਰਵਾਈ ਜਾਵੇਗੀ 31ਵੀਂ ਸਟੇਟ ਚਿਲਡਰਨ ਸਾਇੰਸ ਕਾਂਗਰਸ




**ਹੁਸ਼ਿਆਰਪੁਰ, : (ਓ ਪੀ ਰਾਣਾ )** -ਵਧੀਕ ਡਿਪਟੀ ਕਮਿਸ਼ਨਰ (ਜ) ਰਾਹੁਲ ਚਾਬਾ ਅਤੇ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ (ਪੀ.ਐਸ.ਸੀ.ਐਸ.ਟੀ) ਦੇ ਜਾਇੰਟ ਡਾਇਰੈਕਟਰ ਡਾ. ਕੇ. ਐਸ. ਬਾਠ ਨੇ ਦੱਸਿਆ ਕਿ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ ਵੱਲੋਂ 31ਵੀਂ 'ਸਟੇਟ ਚਿਲਡਰਨ ਸਾਇੰਸ ਕਾਂਗਰਸ' 1 ਤੋਂ 3 ਫਰਵਰੀ ਤੱਕ ਹੁਸ਼ਿਆਰਪੁਰ ਦੇ ਰਿਆਤ ਬਾਹਰਾ ਗਰੁੱਪ ਆਫ ਇੰਸਟੀਚਿਊਟ ਵਿਖੇ ਆਯੋਜਿਤ ਕੀਤੀ ਜਾ ਰਹੀ ਹੈ। ਇਸ ਸੂਬਾ ਪੱਧਰੀ ਆਯੋਜਨ ਵਿਚ 10 ਤੋਂ 17 ਸਾਲ ਤੱਕ ਦੀ ਉਮਰ ਦੇ ਵਿਦਿਆਰਥੀ ਛੋਟੇ ਰਿਸਰਚ ਪ੍ਰੋਜੈਕਟ ਬਣਾ ਕੇ ਪੇਸ਼ ਕਰਨਗੇ। ਉਹ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਦੇ ਨਾਲ ਜ਼ਿਲ੍ਹਾ ਵਿਕਾਸ ਫੈਲੋ ਜੋਇਆ ਸਿੱਦੀਕੀ, ਪ੍ਰੋਜੈਕਟ ਵਿਗਿਆਨੀ ਡਾ. ਸੰਦਾਕਿਨੀ ਠਾਕੁਰ ਅਤੇ ਜ਼ਿਲ੍ਹਾ ਕੁਆਰਡੀਨੇਟਰ ਅਸ਼ੋਕ ਕਾਲੀਆ ਵੀ ਮੌਜੂਦ ਸਨ।ਵਧੀਕ ਡਿਪਟੀ ਕਮਿਸ਼ਨਰ ਰਾਹੁਲ ਚਾਬਾ ਅਤੇ ਪੀ.ਐਸ.ਸੀ.ਐਸ.ਟੀ ਦੇ ਜਾਇੰਟ ਡਾਇਰੈਕਟਰ ਡਾ. ਕੇ. ਐਸ ਬਾਠ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ ਦੇ ਸਹਿਯੋਗ ਨਾਲ ਸੂਬਾ ਪੱਧਰੀ ਚਿਲਡਰਨ ਸਾਇੰਸ ਕਾਂਗਰਸ ਵਿਚ 400 ਤੋਂ ਵੱਧ ਵਿਦਿਆਰਥੀ ਅਤੇ ਅਧਿਆਪਕ ਪੂਬੇ ਸੂਬੇ ਤੋਂ ਭਾਗ ਲੈ ਰਹੇ ਹਨ। ਉਨ੍ਹਾਂ ਦੱਸਿਆ ਕਿ 1 ਫਰਵਰੀ ਤੋਂ 3 ਫਰਵਰੀ ਤੱਕ ਹੋਣ ਵਾਲੀ ਇਸ ਸਾਇੰਸ ਕਾਂਗਰਸ ਵਿਚ ਬੱਚੇ ਵਿਗਿਆਨ ਪ੍ਰਤੀ ਆਪਣੀ ਸੋਚ ਨੂੰ ਵਿਕਸਿਤ ਕਰਨਗੇ ਅਤੇ ਨਵੇਂ-ਨਵੇਂ ਆਈਡੀਆ ਲੈ ਕੇ ਸਾਹਮਣੇ ਆਉਣਗੇ।ਵਧੀਕ ਡਿਪਟੀ ਕਮਿਸ਼ਨਰ ਅਤੇ ਪੀ.ਐਸ.ਸੀ.ਐਸ.ਟੀ ਦੇ ਜਾਇੰਟ ਡਾਇਰੈਕਟਰ ਨੇ ਦੱਸਿਆ ਕਿ 'ਅੰਡਰਸਟੈਂਡਿੰਗ ਈਕੋਸਿਸਟਮ ਫਾਰ ਹੈਲਥ ਐਂਡ ਵੈਲਬੀਇੰਗ' ਥੀਮ 'ਤੇ ਇਸ ਸਾਲ ਸੂਬੇ ਦੇ ਸਾਰੇ 23 ਜ਼ਿਲ੍ਹਿਆਂ ਦੇ ਭਾਗੀਦਾਰਾਂ ਵੱਲੋਂ 1200 ਤੋਂ ਵੱਧ ਪ੍ਰੋਜੈਕਟ ਤਿਆਰ ਕੀਤੇ ਗਏ ਸਨ, ਜਿਨ੍ਹਾਂ ਵਿਚੋਂ 138 ਪ੍ਰੋਜੈਕਟ ਸੂਬਾ ਪੱਧਰ 'ਤੇ ਪੇਸ਼ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਸੂਬੇ ਤੋਂ 16 ਪ੍ਰੋਜੈਕਟ ਦੀ ਚੋਣ ਕਰਕੇ ਰਾਸ਼ਟਰੀ ਪੱਧਰ 'ਤੇ ਹੋਣ ਵਾਲੇ ਈਵੈਂਟ ਵਿਚ ਭਾਗ ਲੈਣ ਲਈ ਭੇਜੇ ਜਾਣਗੇ। ਡਾ. ਕੇ.ਐਸ ਬਾਠ ਨੇ ਇਸ ਮੌਕੇ ਐਸ.ਸੀ.ਈ.ਆਰ.ਟੀ ਦੇ ਸਕੂਲਾਂ ਅਤੇ ਵਿਸ਼ੇਸ਼ ਤੌਰ 'ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਹ ਈਵੈਂਟ ਆਯੋਜਿਤ ਕਰਵਾਉਣ ਲਈ ਧੰਨਵਾਦ ਪ੍ਰਗਟਾਇਆ।

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧਮਾਈ ਵਿਖੇ ਬਲਾਕ ਪੱਧਰੀ ਪ੍ਰਦਰਸ਼ਨੀ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**- ਸਿੱਖਿਆ ਵਿਭਾਗ ਅਤੇ ਬੀ ਐਨ ਓ ਗੜ੍ਹਸ਼ੰਕਰ ਦੀਆਂ ਹਦਾਇਤਾਂ 'ਤੇ ਪ੍ਰਿੰਸੀਪਲ ਪੂਨਮ ਸ਼ਰਮਾ ਦੀ ਯੋਗ ਅਗਵਾਈ ਅਤੇ ਲੈਕਚਰਾਰ ਮੁਕੇਸ਼ ਕੁਮਾਰ ਦੀ ਦੇਖ ਰੇਖ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧਮਾਈ ਵਿਖੇ ਛੇਵੀਂ ਤੋਂ ਦਸਵੀਂ ਦੇ ਪਾੜ੍ਹਿਆਂ ਵਲੋਂ ਬਲਾਕ ਪੱਧਰੀ ਹਿਸਾਬ ਦੇ ਮਾਡਲਾ ਤੇ ਚਾਰਟਾਂ ਦੀ ਪ੍ਰਦਰਸ਼ਨੀ ਲਗਾਈ ਜਿਸ ਵਿੱਚ ਬਲਾਕ ਗੜ੍ਹਸ਼ੰਕਰ ਦੇ ਤਕਰੀਬਨ 18 ਸਕੂਲਾਂ ਦੇ ਪਾੜ੍ਹਿਆ ਨੇ ਆਪਣੇ ਆਪਣੇ ਅਧਿਆਪਕਾਂ ਸਮੇਤ ਭਾਗ ਲਿਆ। ਜਿਸ ਵਿੱਚ ਮਨਦੀਪ ਕੌਰ ਲੈਕਚਰਾਰ ਸਕੂਲ ਆਫ ਐਮੀਨੈਂਸ ਗੜ੍ਹਸ਼ੰਕਰ ਤੇ ਮਨਦੀਪ ਕੌਰ ਲੈਕਚਰਾਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫਤਿਹਪੁਰ ਖੁਰਦ ਵਲੋਂ ਨਿਰੀਖਣ ਕਰਨ ਉਪਰੰਤ ਇਹਨਾਂ ਦਾ ਨਤੀਜਾ ਕੱਢਿਆ ਗਿਆ ਜੋ ਇਸ ਪ੍ਰਕਾਰ ਰਿਹਾ, ਛੇਵੀਂ ਤੋਂ ਅੱਠਵੀਂ ਕਲਾਸ ਦੇ ਵਿਦਿਆਰਥੀਆਂ ਦੀ ਪ੍ਰਦਰਸ਼ਨੀ ਵਿੱਚ ਸ ਹ ਸ ਸੈਲਾਖੁਰਦ ਦੇ ਗਗਨਦੀਪ ਨੇ ਪਹਿਲਾਂ, ਸ ਮਿ ਸ ਚੱਕ ਗੁਰੂ ਦੇ ਪਰੀਤੇਸ਼ ਨੇ ਦੂਜਾ ਸਥਾਨ, ਸ ਮਿ ਸ ਚੱਕ ਫੁੱਲੂ ਦੇ ਮੋਹਿਤ ਨੇ ਪਹਿਲਾ, ਸ ਮਿਡਲ ਸ ਚੱਕ ਸਿੰਘਾਂ ਦੇ ਸਮਰ ਸੈਂਪਲਾ ਨੇ ਦੂਜਾ , ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੱਖੋਵਾਲ ਬੀਹੜਾ ਦੇ ਗੈਵੀ ਸੰਧੂ ਨੇ ਪਹਿਲਾ, ਫਤਿਹਪੁਰ ਖੁਰਦ ਸਕੂਲ ਦੇ ਏਕਮਜੋਤ ਨੇ ਦੂਜਾ, ਸਰਕਾਰੀ ਹਾਈ ਸਕੂਲ ਕੁੱਕੜਾਂ ਦੀ ਰਮਨਦੀਪ ਕੌਰ ਨੇ ਪਹਿਲਾ, ਸਕੂਲ ਆਫ ਐਮੀਨੇਸ਼ਨ ਗੜ੍ਹਸ਼ੰਕਰ ਦੇ ਨਿਰਜਨਾ ਨੇ ਦੂਜਾ ਤੇ ਸਰਕਾਰੀ ਮਿਡਲ ਸਕੂਲ ਸਮੁੰਦੜਾ ਦੇ ਵਨੀਤ ਚਾਂਦਲਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਨੌਵੀਂ ਤੇ ਦਸਵੀਂ ਕਲਾਸ ਦੇ ਵਿਦਿਆਰਥੀਆਂ ਦੁਆਰਾ ਲਗਾਈ ਗਈ ਪ੍ਰਦਰਸ਼ਨਰੀ ਵਿੱਚ ਸਰਕਾਰੀ ਹਾਈ ਸਕੂਲ ਬਸਿਆਲਾ ਦੇ ਆਕਾਸ਼ਦੀਪ ਨੇ ਪਹਿਲਾ, ਸਰਕਾਰੀ ਸੀਨੀਅਰ ਸਕੰਡਰੀ ਸਕੂਲ ਫਤਿਹਪੁਰ ਖੁਰਦ ਦੀ ਆਂਚਲ ਨੇ ਦੂਸਰਾ ਸਥਾਨ, ਸਰਕਾਰੀ ਹਾਈ ਸਕੂਲ ਸੈਲਾ ਖੁਰਦ ਦੀ ਮਾਨਸੀ ਬੱਧਣ ਨੇ ਤੀਸਰਾ, ਸਰਕਾਰੀ ਹਾਈ ਸਕੂਲ ਮੋਰਾਂਵਾਲੀ ਪਠਲਾਵਾ ਦੀ ਮੰਨਤ ਨੇ ਪਹਿਲਾ, ਸਕੂਲ ਆਫ ਐਮੀਨੈਂਸ ਗੜ੍ਹਸ਼ੰਕਰ ਦੀ ਵੰਸ਼ਿਕਾ ਨੇ ਦੂਜਾ, ਸਰਕਾਰੀ ਸੀਨੀਅਰ ਸਕੰਡਰੀ ਸਕੂਲ ਰੁੜਕੀ ਖਾਸ ਦੇ ਹਰਸ਼ਦੀਪ ਕੌਰ ਨੇ ਤੀਜਾ, ਸਰਕਾਰੀ ਹਾਈ ਸਕੂਲ ਸਿੰਬਲੀ ਦੀ ਪ੍ਰਭਜੋਤ ਕੌਰ ਨੇ ਪਹਿਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧਮਾਈ ਦੇ ਖੁਸ਼ਪ੍ਰੀਤ ਭੱਟੀ ਨੇ ਦੂਜਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੱਖੋਵਾਲ ਬੀੜਾਂ ਦੀ ਪੂਜਾ ਨੇ ਪਹਿਲਾ, ਸ ਹ ਸ ਕੁੱਕੜਾ ਦੇ ਵਿਨੋਦ ਕੁਮਾਰ ਨੇ ਦੂਜਾ, ਸ ਸ ਸ ਸ ਪਨਾਮ ਦੇ ਵਿਕਾਸ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਇਸ ਸਮੇਂ ਵੱਖ-ਵੱਖ ਸਕੂਲਾਂ ਦੇ ਅਧਿਆਪਕ ਮਾ ਜਰਨੈਲ ਸਿੰਘ, ਬਲਕਾਰ ਸਿੰਘ, ਜਤਿੰਦਰ ਸਿੰਘ, ਸਤਪਾਲ ਸਿੰਘ, ਹਰਪਿੰਦਰ ਸਿੰਘ, ਸ਼ੇਰ ਸਿੰਘ, ਦਵਿੰਦਰ ਸਿੰਘ, ਰਕੇਸ਼ ਕੁਮਾਰ, ਮੈਡਮ ਕੋਮਲ, ਜੋਤੀ ਰਾਣਾ ਸਵਾਤੀ ਸ਼ਰਮਾ, ਦਿਵਿਆ ਸ਼ਰਮਾ, ਕੰਚਨ ਸ਼ਰਮਾ, ਨਰਿੰਦਰ ਕੌਰ, ਪੂਨਮ, ਦੀਪਕ ਕੌਸ਼ਲ, ਖੁਸ਼ਵਿੰਦਰ ਕੌਰ, ਮਧੂ ਸ਼ਰਮਾ ਅਤੇ ਕਮਲਜੀਤ ਕੌਰ ਆਦਿ ਹਾਜ਼ਰ ਸਨ।ਪ੍ਰਦਰਸ਼ਨੀ ਦੇ ਅੰਤ ਵਿੱਚ ਸਕੂਲ ਇੰਚਾਰਜ ਕੁਲਵਿੰਦਰ ਕੌਰ ਨੇ ਇਸ ਬਲਾਕ ਪੱਧਰੀ ਪ੍ਰਦਰਸ਼ਨੀ ਵਿੱਚ ਸ਼ਾਮਲ ਵਿਦਿਆਰਥੀਆਂ ਦੇ ਬਣਾਏ ਮਾਡਲ, ਪ੍ਰੋਜੈਕਟਾਂ ਅਤੇ ਚਾਰਟਾਂ ਦੀ ਪ੍ਰਸ਼ੰਸਾ ਕਰਦਿਆਂ ਸਾਰੇ ਅਧਿਆਪਕਾਂ ਦਾ ਧੰਨਵਾਦ ਕੀਤਾ।

